
ਰੋਜ਼ਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ
99155-94111
ਜਲੰਧਰ

ਸੱਚ ਤੇ ਨਿਡਰ ਆਵਾਜ਼
Email : Lokbani08@gmail.com

# ਲੋਕ ਬਾਣੀ

ਰੋਜ਼ਾਨਾ
ਵੀਰਵਾਰ, 18 ਮਈ 2023 ਮੁੱਖ ਸੰਪਾਦਕ:-ਅਮਨ ਮਹਿਰਾ

RNI .PUNPUN/29016/2008 ਸਾਲ 15 ਅੰਕ 130 ਮੁੱਲ 5ਰੁਪਏ ਕੁੱਲ ਪੇਜ਼ 10 ਫੈਕਸ: 0181-2211009,99155-94111




JSDC GROUP
ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ®
178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ
82880 21797
82880 21798
ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018
WWW.JSDCGROUP.COM
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਉਂਟਸ ਨੂੰ ਫਾਲੋ ਕਰੋ
JSDC GROUP - INDIA

## ਕੀਵ ਤੇ ਰੂਸ ਨੇ ਕੀਤਾ ਮਿਜ਼ਾਈਲ ਹਮਲਾ



ਕੀਵ (ਲੋਕ ਬਾਣੀ) ਯੂਕਰੇਨ ਦੀ ਹਵਾਈ ਸੈਨਾ ਨੇ ਅੱਜ ਤੜਕੇ ਕੀਵ 'ਤੇ ਰੂਸ ਵੱਲੋਂ ਕੀਤੇ ਗਏ ਇੱਕ ਵੱਡੇ ਹਵਾਈ ਹਮਲੇ ਨੂੰ ਨਾਕਾਮ ਕਰਦਿਆਂ ਅਤੇ ਰਾਜਧਾਨੀ 'ਤੇ ਦਾਗੀਆਂ ਗਈਆਂ ਸਾਰੀਆਂ 18 ਮਿਜ਼ਾਈਲਾਂ ਨੂੰ ਤਬਾਹ ਕਰ ਦਿੱਤਾ। ਯੂਕਰੇਨ ਦੀ ਰਾਜਧਾਨੀ ਕੀਵ 'ਚ ਰੂਸ ਨੇ ਹਵਾ, ਸਮੁੰਦਰ ਤੇ ਜ਼ਮੀਨ ਤੋਂ ਮਿਜ਼ਾਈਲਾਂ ਦਾਗ ਕੇ ਵੱਡਾ ਹਮਲਾ ਕੀਤਾ ਤੇ ਕੀਵ 'ਚ ਦੇਰ ਰਾਤ ਤੱਕ ਧਮਾਕਿਆਂ ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਰਹੀਆਂ। ਇਨ੍ਹਾਂ ਹਮਲਿਆਂ 'ਚ ਕਿਸੇ ਜਾਨੀ ਨੁਕਸਾਨ ਦੀ ਕੋਈ ਖ਼ਬਰ ਨਹੀਂ ਹੈ। ਕੀਵ ਫੌਜੀ ਪ੍ਰਸ਼ਾਸਨ ਦੇ ਮੁਖੀ ਸੇਰਹੀ ਪੋਪਕੋ ਨੇ ਕਿਹਾ ਕਿ ਕੀਵ 'ਤੇ ਰੂਸ ਦਾ ਇਹ ਹਮਲਾ ਗਿਣਤੀ ਦੇ ਆਧਾਰ 'ਤੇ ਬਹੁਤ ਵੱਡਾ ਸੀ। ਉਨ੍ਹਾਂ ਕਿਹਾ ਕਿ ਬਹੁਤ ਹੀ ਘੱਟ ਸਮੇਂ ਅੰਦਰ ਵੱਡੀ ਗਿਣਤੀ 'ਚ ਮਿਜ਼ਾਈਲਾਂ ਦਾਗੀਆਂ ਗਈਆਂ। ਯੂਕਰੇਨ 'ਚ ਬਰਤਾਨੀਆ ਦੀ ਦੂਤ ਮੈਲਿੰਡਾ ਸਿਮੋਨਜ਼ ਨੇ ਟਵੀਟ ਕੀਤਾ, 'ਬਹੁਤ ਭਿਆਨਕ ਹਮਲਾ ਸੀ। ਧਮਾਕਿਆਂ ਤੇ ਕੰਬਦੀਆਂ ਕੰਧਾਂ ਦਰਮਿਆਨ ਰਾਤ ਕੱਟਣੀ ਬਹੁਤ ਹੀ ਮੁਸ਼ਕਲ ਸੀ।' ਇਸ ਮਹੀਨੇ 'ਚ ਰੂਸ ਨੇ ਅਠਵੀਂ ਵਾਰ ਕੀਵ 'ਤੇ ਹਵਾਈ ਹਮਲਾ ਕੀਤਾ ਹੈ।

## ਭਾਰਤ ਪਾਕਿਸਤਾਨ ਸਰਹੱਦ ਤੇ ਫੋਜ ਨੇ ਕਾਬੂ ਕੀਤਾ ਨਸ਼ਾ



ਅਮ੍ਰਿਤਸਰ ( ਬਾਠ) ਬੀਐੱਸਐੱਫ ਨੇ ਪੰਜਾਬ ਵਿੱਚ ਅੰਤਰਰਾਸ਼ਟਰੀ ਸਰਹੱਦ ਨੇੜੇ ਪਾਕਿਸਤਾਨ ਵੱਲੋਂ ਭਾਰਤ ਵਿੱਚ ਭੇਜੇ ਡਰੋਨ ਨੂੰ ਡੇਗ ਦਿੱਤਾ ਅਤੇ 15 ਕਿਲੋ ਤੋਂ ਵੱਧ ਨਸ਼ੀਲਾ ਪਦਾਰਥ ਬਰਾਮਦ ਕੀਤਾ ਹੈ। ਬੀਐੱਸਐੱਫ ਦੇ ਬੁਲਾਰੇ ਨੇ ਦੱਸਿਆ ਕਿ ਪਾਕਿਸਤਾਨ ਤੋਂ ਡਰੋਨ ਨੇ ਭਾਰਤੀ ਹਵਾਈ ਖੇਤਰ ਵਿੱਚ ਘੁਸਪੈਠ ਕੀਤੀ ਸੀ, ਜਿਸ ਨੂੰ ਸੁਰੱਖਿਆ ਬਲਾਂ ਨੇ ਅੰਮ੍ਰਿਤਸਰ ਦੇ ਕੱਕੜ ਪਿੰਡ ਵਿੱਚ ਡੇਗ ਦਿੱਤਾ। ਡਰੋਨ ਵਿੱਚੋਂ ਕੁੱਲ 15.5 ਕਿਲੋ ਵਜ਼ਨ ਦੇ ਦੋ ਵੱਡੇ ਪੈਕੇਟ ਬਰਾਮਦ ਕੀਤੇ ਗਏ ਹਨ ਅਤੇ ਇਨ੍ਹਾਂ ਪੈਕਟਾਂ ਵਿੱਚ ਹੈਰੋਇਨ ਹੋਣ ਦਾ ਸ਼ੱਕ ਹੈ।

## ਬੰਬ ਨਾਲ ਉਡਾਉਣ ਦੀਆਂ ਸਰਬੀਆ ਚ ਮਿਲਿਆ ਧਮਕੀਆਂ

ਬੈਲਗਰੇਡ। ਸਰਬੀਆ ਦੇ ਦਰਜਨਾਂ ਸਕੂਲਾਂ ਨੂੰ ਬੰਬਾਂ ਨਾਲ ਉਡਾਉਣ ਦੀਆਂ ਧਮਕੀਆਂ ਮਿਲੀਆਂ ਹਨ। ਇਹ ਜਾਣਕਾਰੀ ਅੱਜ ਸਿੱਖਿਆ ਮੰਤਰਾਲੇ ਨੇ ਦਿੱਤੀ ਹੈ। ਜ਼ਿਕਰਯੋਗ ਹੈ ਕਿ ਮਈ ਮਹੀਨੇ ਦੇ ਸ਼ੁਰੂ ਵਿੱਚ ਗੋਲੀਬਾਰੀ ਦੀਆਂ ਦੋ ਘਟਨਾਵਾਂ ਵਾਪਰੀਆਂ ਸਨ ਜਿਨ੍ਹਾਂ ਵਿੱਚੋਂ ਇਕ ਘਟਨਾ ਐਲੀਮੈਂਟਰੀ ਸਕੂਲ ਵਿੱਚ ਵਾਪਰੀ ਸੀ। ਸਿੱਖਿਆ ਮੰਤਰਾਲੇ ਅਨੁਸਾਰ ਬੈਲਗਰੇਡ ਦੇ 78 ਐਲੀਮੈਂਟਰੀ ਸਕੂਲਾਂ ਅਤੇ 37 ਹਾਈ ਸਕੂਲਾਂ ਨੂੰ ਈਮੇਲ ਰਾਹੀਂ ਧਮਕੀਆਂ ਮਿਲੀਆਂ ਹਨ ਕਿ ਸਕੂਲਾਂ ਨੂੰ ਉਡਾਉਣ ਲਈ ਧਮਾਕਾਖੇਜ਼ ਸਮੱਗਰੀ ਪਲਾਂਟ ਕਰ ਦਿੱਤੀ ਗਈ ਹੈ। ਇਸ ਮਗਰੋਂ ਵਿਦਿਆਰਥੀਆਂ ਦੀਆਂ ਜਮਾਤਾਂ ਮੁਲਤਵੀ ਕਰ ਦਿੱਤੀਆਂ ਗਈਆਂ ਅਤੇ ਸਕਲੀ ਇਮਾਰਤਾਂ ਨੂੰ ਖਾਲੀ ਕਰਵਾ ਕੇ ਚੈਕਿੰਗ ਕੀਤੀ ਗਈ। ਫਿਲਹਾਲ ਪੁਲੀਸ ਨੂੰ ਕਿਸੇ ਵੀ ਇਮਾਰਤ ਵਿੱਚੋਂ ਧਮਾਕਾਖੇਜ਼ ਸਮੱਗਰੀ ਨਹੀਂ ਮਿਲੀ ਪਰ ਇਸ ਸਬੰਧੀ ਅੰਤਿਮ ਰਿਪੋਰਟ ਹਾਲੇ ਦਾਇਰ ਨਹੀਂ ਕੀਤੀ ਗਈ।

## ਐਨਆਈਏ ਨੇ ਮਾਰੇ ਵੱਡੇ ਪੱਧਰ ਤੇ ਛਾਪੇ



ਚੰਡੀਗੜ੍ਹ ( ਵਿਨੋਦ ਸ਼ਰਮਾ) ਕੌਮੀ ਜਾਂਚ ਏਜੰਸੀ(ਐੱਨਆਈਏ) ਅਤਿਵਾਦ-ਨਸ਼ੀਲੇ ਪਦਾਰਥਾਂ ਦੇ ਸਮੱਗਲਰਾਂ-ਗੈਂਗਸਟਰਾਂ ਦੇ ਗਠਜੋੜ ਦੇ ਮਾਮਲਿਆਂ ਵਿੱਚ ਪੰਜਾਬ, ਹਰਿਆਣਾ, ਰਾਜਸਥਾਨ, ਯੂਪੀ, ਉੱਤਰਾਖੰਡ ਅਤੇ ਮੱਧ ਪ੍ਰਦੇਸ਼ ਵਿੱਚ 100 ਤੋਂ ਵੱਧ ਟਿਕਾਣਿਆਂ 'ਤੇ ਤਲਾਸ਼ੀ ਲੈ ਰਹੀ ਹੈ। ਐੱਨਆਈਏ ਪੰਜਾਬ ਪੁਲੀਸ ਦੇ ਸਹਿਯੋਗ ਨਾਲ ਰਾਜ ਦੇ 12 ਜ਼ਿਲ੍ਹਿਆਂ ਵਿੱਚ 58 ਥਾਵਾਂ ਦੀ ਤਲਾਸ਼ੀ ਲੈ ਰਹੀ ਹੈ। ਇਸ ਤੋਂ ਇਲਾਵਾ ਪੰਜਾਬ ਪੁਲੀਸ ਵੱਲੋਂ 143 ਥਾਵਾਂ 'ਤੇ ਘੇਰਾਬੰਦੀ ਕਰਕੇ ਤਲਾਸ਼ੀ ਲਈ ਜਾ ਰਹੀ ਹੈ। ਮੋਗਾ ਵਿੱਚ ਐੱਨਆਈਏ ਦੀ ਟੀਮ ਵੱਲੋਂ ਮੋਗਾ ਦੇ ਰਾਜਿੰਦਰ ਨਗਰ ਵਿੱਚ ਵਪਾਰੀ ਦੇ ਘਰ ਦੀ ਤਲਾਸ਼ੀ ਲਈ ਜਾ ਰਹੀ ਹੈ। ਵੱਖ-ਵੱਖ ਟੀਮਾਂ ਤਲਵੰਡੀ ਭੰਗੇਰੀਆ, ਧੂੜਕੋਟ, ਨਿਧਾਨਵਾਲਾ ਤੇ ਨਿਹਾਲ ਸਿੰਘ ਵਾਲਾ ਵਿੱਚ ਘਰਾਂ ਦੀ ਤਲਾਸ਼ੀ ਲੈ ਰਹੀਆਂ ਹਨ। ਐੱਨਆਈਏ ਮੁਕਤਸਰ ਜ਼ਿਲ੍ਹੇ ਵਿੱਚ ਦੋ ਅਤੇ ਫਿਰੋਜ਼ਪੁਰ ਵਿੱਚ ਤਿੰਨ ਥਾਵਾਂ ਦੀ ਤਲਾਸ਼ੀ ਲੈ ਰਹੀ ਹੈ। ਹਰਿਆਣਾ ਵਿੱਚ ਏਜੰਸੀ ਸਿਰਸਾ, ਝੱਜਰ, ਬਹਾਦਰਗੜ੍ਹ ਅਤੇ ਗੁਰੂਗ੍ਰਾਮ ਵਿੱਚ ਸਥਾਨਾਂ ਦੀ ਤਲਾਸ਼ ਕਰ ਰਹੀ ਹੈ। ਗੁਰੂਗ੍ਰਾਮ ਵਿੱਚ ਇੱਕ ਕਾਰੋਬਾਰੀ ਦੇ ਘਰ ਛਾਪੇਮਾਰੀ ਕੀਤੀ ਜਾ ਰਹੀ ਹੈ।

## 24 ਘੰਟੇ ਦਾ ਸਮਾਂ ਦਿੱਤਾ ਪੰਜਾਬ ਸਰਕਾਰ ਨੇ ਇਮਰਾਨ ਨੂੰ



ਲਾਹੌਰ (ਲੋਕ ਬਾਣ) ਪਾਕਿਸਤਾਨ ਦੇ ਪੰਜਾਬ ਸੂਬੇ ਦੀ ਅੰਤਰਿਮ ਸਰਕਾਰ ਨੇ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਦੇ ਮੁਖੀ ਇਮਰਾਨ ਖ਼ਾਨ ਨੂੰ ਉਨ੍ਹਾਂ ਦੀ ਲਾਹੌਰ ਸਥਿਤ ਜ਼ਮਾਨ ਪਾਰਕ ਰਿਹਾਇਸ਼ ਵਿੱਚ 'ਸ਼ਰਣ ਲਈ ਬੈਠੇ 30 ਤੋਂ 40 ਦਹਿਸ਼ਤਗਰਦਾਂ' ਨੂੰ ਪੁਲੀਸ ਹਵਾਲੇ ਕਰਨ ਲਈ 24 ਘੰਟੇ ਦਾ ਅਲਟੀਮੇਟਮ ਦਿੱਤਾ ਹੈ। ਸਰਕਾਰ ਨੇ ਕਿਹਾ ਕਿ ਇਨ੍ਹਾਂ ਦਹਿਸ਼ਤਗਰਦਾਂ, ਜੋ ਫੌਜ ਦੇ ਹੈੱਡਕੁਆਰਟਰ 'ਤੇ ਹਮਲੇ ਤੇ ਕੋਰ ਕਮਾਂਡਰ ਦੇ ਘਰ ਨੂੰ ਅੱਗ ਲਾਉਣ ਦੀ ਕਥਿਤ ਸਾਜ਼ਿਸ਼ ਵਿੱਚ ਸ਼ਾਮਲ ਸਨ, ਨੂੰ ਮਿਸਾਲੀ ਸਜ਼ਾਵਾਂ ਦਿੱਤੀਆਂ ਜਾਣਗੀਆਂ।


## ਇਟਲੀ ਚ ਖਰਾਬ ਮੌਸਮ ਦਾ ਕਹਿਰ 8 ਦੀ ਮੌਤ

ਵੀਨਸ (ਹਰਦੀਪ ਸਿੰਘ ਕੰਗ)- ਪਿਛਲੇ ਕਈ ਦਿਨਾਂ ਤੋਂ ਇਟਲੀ ਵਿਚ ਖ਼ਰਾਬ ਮੌਸਮ ਨੇ ਕਈ ਥਾਂਈ ਜਨ ਜੀਵਨ ਨੂੰ ਪ੍ਰਭਾਵਿਤ ਕੀਤਾ ਹੈ । ਇਸ ਮੋਹਲੇਧਾਰ ਮੀਂਹ ਦਾ ਸਿੱਧਾ ਅਸਰ ਵੱਖ-ਵੱਖ ਥਾਵਾਂ 'ਤੇ ਦੇਖਣ ਨੂੰ ਮਿਲ ਰਿਹਾ ਹੈ । ਜਿੱਥੇ ਕਿ ਇਹ ਹੜ੍ਹ ਦਾ ਰੂਪ ਧਾਰਨ ਕਰ ਚੁਕਾ ਹੈ । ਹੁਣ ਤੱਕ ਖ਼ਰਾਬ ਮੌਸਮ ਦੇ ਚਲਦਿਆਂ 8 ਲੋਕਾਂ ਨੇ ਆਪਣੀ ਜਾਨ ਗੁਆ ਲਈ ਹੈ ਅਤੇ ਕਈ ਹਾਲੇ ਵੀ ਲਾਪਤਾ ਦੱਸੇ ਜਾ ਰਹੇ ਹਨ । ਸਰਕਾਰ ਹੜ੍ਹ ਪੀੜਤਾਂ ਦੀ ਮੱਦਦ ਲਈ ਜੁਟੀ ਹੈ। ਕਈ ਇਲਾਕਿਆਂ ਵਿਚ ਪਾਣੀ ਭਰ ਚੁੱਕਾ ਹੈ, ਜਿਸ ਕਾਰਨ ਆਮ ਲੋਕਾਂ ਨੂੰ ਕਾਫੀ ਜ਼ਿਆਦਾ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਹੁਣ ਤੱਕ 5000 ਦੇ ਕਰੀਬ ਲੋਕਾਂ ਨੂੰ ਸੁਰੱਖਿਅਤ ਥਾਂਵਾ ਤੇ ਪਹੁੰਚਾਇਆ ਗਿਆ।

## ਕਿਸਾਨ ਮਜਦੂਰ ਸੰਘਰਸ਼ ਕਮੇਟੀ ਵਲੋਂ ਅੱਜ ਰੋਕਿਆਂ ਜਾ ਸਕਦੀਆਂ ਹਨ ਰੇਲਾਂ

ਜਲੰਧਰ ( ਰਾਕੇਸ਼ ਵਰਮਾ) ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂ ਸਰਵਣ ਸਿੰਘ ਪੰਧੇਰ ਨੇ ਐਲਾਨ ਕੀਤਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੀਆਂ ਨੀਤੀਆਂ ਤੋਂ ਦੁੱਖੀ ਹੋ ਕੇ ਉਨ੍ਹਾਂ ਵਲੋਂ ਭਲਕੇ 18 ਮਈ ਨੂੰ ਪੰਜਾਬ ਭਰ ਵਿਚ ਰੇਲ੍ਹਾਂ ਜਾਮ ਕੀਤੀਆਂ ਜਾਣਗੀਆਂ।

## ਦੇਸ਼ ਦੀ ਰਾਜਧਾਨੀ ਚ ਝੁੱਗੀਆਂ ਨੂੰ ਲੱਗੀ ਅੱਗ



ਦਿੱਲੀ (ਕਪੂਰ) ਇੱਥੋਂ ਦੇ ਸ਼ਾਸਤਰੀ ਪਾਰਕ ਇਲਾਕੇ ਵਿਚ ਝੁੱਗੀਆਂ ਵਿਚ ਅੱਗ ਲੱਗਣ ਦੀ ਖ਼ਬਰ ਸਾਹਮਣੇ ਆਈ ਹੈ, ਹਾਲਾਂਕਿ ਫ਼ਾਇਰ ਬ੍ਰਿਗੇਡ ਨੇ ਅੱਗ 'ਤੇ ਕਾਬੂ ਪਾ ਲਿਆ ਹੈ। ਮੌਕੇ 'ਤੇ ਮੌਜੂਦ ਫ਼ਾਇਰ ਅਫ਼ਸਰ ਨੇ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਕ ਝੁੱਗੀ 'ਚ ਅੱਗ ਲੱਗੀ ਸੀ, ਜੋ ਦੂਜੀਆਂ ਝੁੱਗੀਆਂ 'ਚ ਵੀ ਫ਼ੈਲ ਗਈ। ਸਾਨੂੰ ਦੁਪਹਿਰ ਕਰੀਬ 12 ਵਜੇ ਅੱਗ ਲੱਗਣ ਦੀ ਸੂਚਨਾ ਮਿਲੀ। ਅੱਗ 'ਤੇ ਕਾਬੂ ਪਾਉਣ ਲਈ ਫਾਇਰ ਬ੍ਰਿਗੇਡ ਦੀਆਂ 11 ਗੱਡੀਆਂ ਨੂੰ ਇੱਥੇ ਭੇਜਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਕਿਸੇ ਜਾਨੀ ਨੁਕਸਾਨ ਦੀ ਸੂਚਨਾ ਸਾਹਮਣੇ ਨਹੀਂ ਆਈ ਹੈ।



# ਲੈਫਟੀਨੈਂਟ ਜਨਰਲ ਵਿਜੇ ਨਾਇਰ ਨੇ ਵਜਰਾ ਕੋਰ ਦੀ ਕਮਾਨ ਸੰਭਾਲੀ

ਮੋਹਾਲੀ /ਚੰਡੀਗੜ੍ਹ (ਰੀਤਿਸ਼ ਕੁਮਾਰ ) ਲੈਫਟੀਨੈਂਟ ਜਨਰਲ ਵਿਜੇ ਬੀ ਨਾਇਰ, ਸੈਨਾ ਮੈਡਲ ਨੇ ਵੱਕਾਰੀ ਵਜਰਾ ਕੋਰ - ਡਿਫੈਂਡਰਜ਼ ਆਫ ਪੰਜਾਬ ਦੇ ਜਨਰਲ ਆਫਿਸਰ ਕਮਾਂਡਿੰਗ ਵਜੋਂ ਅਹੁਦਾ ਸੰਭਾਲ ਲਿਆ ਹੈ। ਸੈਨਿਕ ਸਕੂਲ ਕਜ਼ਕੂਟਮ, ਨੈਸ਼ਨਲ ਡਿਫੈਂਸ ਅਕੈਡਮੀ ਅਤੇ ਇੰਡੀਅਨ ਮਿਲਟਰੀ ਅਕੈਡਮੀ ਦੇ ਸਾਬਕਾ ਵਿਦਿਆਰਥੀ, ਲੈਫਟੀਨੈਂਟ ਜਨਰਲ ਵਿਜੇ ਬੀ ਨਾਇਰ ਨੂੰ ਜੂਨ 1988 ਵਿੱਚ ਇੱਕ ਪੈਦਲ ਬਟਾਲੀਅਨ ਵਿੱਚ ਕਮਿਸ਼ਨ ਦਿੱਤਾ ਗਿਆ ਸੀ ਅਤੇ 2005 ਤੋਂ 2008 ਤੱਕ ਉਹਨਾਂ ਨੂੰ ਉਸੇ ਬਟਾਲੀਅਨ ਦੀ ਕਮਾਂਡ ਕਰਨ ਦਾ ਸਨਮਾਨ ਪ੍ਰਾਪਤ ਹੋਇਆ। ਬ੍ਰਿਗੇਡ ਪੱਛਮੀ ਸੈਕਟਰ, ਉੱਤਰੀ ਸਰਹੱਦਾਂ 'ਤੇ ਇਕ ਸਬ ਸੈਕਟਰ ਅਤੇ ਜੰਮੂ ਅਤੇ ਕਸ਼ਮੀਰ



ਵਿਚ ਕੰਮ ਕਰਦੀ ਇਕ ਡਿਵੀਜ਼ਨ ਦੀ ਕਮਾਨ ਵੀ ਸੰਭਾਲੀ। ਪੈਂਤੀ ਸਾਲਾਂ ਦੇ ਇੱਕ ਸ਼ਾਨਦਾਰ ਕੈਰੀਅਰ ਵਿੱਚ, ਜਨਰਲ ਅਫਸਰ ਕੋਲ ਕਮਾਂਡ, ਸਟਾਫ ਅਤੇ ਨਿਰਦੇਸ਼ਕ ਨਿਯੁਕਤੀਆਂ



ਦਾ ਵਿਆਪਕ ਤਜਰਬਾ ਹੈ। ਹੋਰ ਸੰਚਾਲਨ ਕਾਰਜਾਂ ਵਿੱਚ, ਸ੍ਰੀਲੰਕਾ ਵਿੱਚ ਭਾਰਤੀ ਸ਼ਾਂਤੀ ਸੈਨਾ ਦੇ ਹਿੱਸੇ ਵਜੋਂ ਉਹਨਾਂ ਦਾ ਕਾਰਜਕਾਲ, ਕੰਟਰੋਲ ਰੇਖਾ ਦੇ ਨਾਲ ਛੇ ਕਾਰਜਕਾਲ ਅਤੇ ਜੰਮੂ ਅਤੇ ਕਸ਼ਮੀਰ ਵਿੱਚ ਅੱਤਵਾਦ ਵਿਰੋਧੀ ਕਾਰਵਾਈਆਂ ਮਹੱਤਵਪੂਰਨ ਸਨ। ਉਸ ਦੇ ਵਿਭਿੰਨ ਸਟਾਫ ਦੇ ਤਜ਼ਰਬੇ ਵਿੱਚ ਕੰਟਰੋਲ ਰੇਖਾ ਅਤੇ ਅੱਤਵਾਦ ਵਿਰੋਧੀ ਮਾਹੌਲ ਵਿੱਚ ਜਨਰਲ ਸਟਾਫ਼ ਦੀਆਂ ਨਿਯੁਕਤੀਆਂ, ਵਿਦੇਸ਼ੀ ਬਲਾਂ ਨਾਲ ਰੱਖਿਆ ਸਹਿਯੋਗ ਲਈ ਨੀਤੀ ਬਣਾਉਣਾ ਅਤੇ ਵੱਖ-ਵੱਖ ਡਾਇਰੈਕਟੋਰੇਟਾਂ ਦੇ ਵਧੀਕ ਕੁਆਰਟਰ ਮਾਸਟਰ ਜਨਰਲ ਕੋਆਰਡੀਨੇਸ਼ਨ ਫੰਕਸ਼ਨਾਂ ਦੇ ਨਾਲ-ਨਾਲ ਰਾਸ਼ਨ ਦੀ ਗੁਣਵੱਤਾ ਨੂੰ ਯਕੀਨੀ ਬਣਾਉਣਾ ਸ਼ਾਮਲ ਹੈ। ਵਜਰਾ ਕੋਰ ਦੀ ਕਮਾਨ ਸੰਭਾਲਣ ਤੋਂ ਪਹਿਲਾਂ ਲੈਫਟੀਨੈਂਟ ਜਨਰਲ ਵਿਜੇ ਬੀ ਨਾਇਰ ਹੈੱਡਕੁਆਰਟਰ ਵੈਸਟਰਨ ਕਮਾਂਡ ਦੇ ਚੀਫ਼ ਆਫ਼ ਸਟਾਫ਼ ਸਨ। ਕਮਾਨ ਸੰਭਾਲਣ ਤੋਂ ਬਾਅਦ, ਉਹਨਾਂ ਨੇ ਵਜਰਾ ਸ਼ੌਰਿਆ ਸਥਲ ਵਿਖੇ ਸਰਵਉੱਚ ਬਲੀਦਾਨ ਦੇਣ ਵਾਲੇ ਬਹਾਦਰਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਹਨਾਂ ਨੇ ਕੋਰ ਦੇ ਸਾਰੇ ਰੈਂਕਾਂ ਨੂੰ ਸਮਰੱਥਾ ਵਿਕਾਸ ਦੀ ਉੱਚ ਰਫਤਾਰ ਨੂੰ ਬਰਕਰਾਰ ਰੱਖਦੇ ਹੋਏ ਯੁੱਧ ਦੇ ਬਦਲਦੇ ਸੁਭਾਅ ਨੂੰ ਅਪਣਾਉਂਦੇ ਹੋਏ ਉੱਚ ਪੱਧਰੀ ਸੰਚਾਲਨ ਤਿਆਰੀ ਬਣਾਈ ਰੱਖਣ ਲਈ ਕਿਹਾ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਦੇ ਸਕੱਤਰ ਸ੍ਰੀ ਸੁਮਿਤ ਭੱਲਾ ਨੇ ਮਹਿਲਾ ਪੁਲਿਸ ਨੂੰ ਜੁਵੇਨਾਈਲ ਜਸਟਿਸ ਐਕਟ-2015 ਬਾਰੇ ਜਾਣਕਾਰੀ ਦਿੱਤੀ

## ਮਹਿਲਾ ਪੁਲਿਸ ਕਰਮਚਾਰਨਾਂ ਨੂੰ ਪੰਜਾਬ ਵਿਕਟਮ ਕੰਪਨਸੇਸ਼ਨ ਸਕੀਮ ਬਾਰੇ ਵੀ ਵਿਸਥਾਰ ਵਿੱਚ ਦੱਸਿਆ ਗਿਆ



ਗੁਰਦਾਸਪੁਰ (ਨਵਨੀਤ ਕੁਮਾਰ) ਸ੍ਰੀ ਸੁਮਿਤ ਭੱਲਾ, ਸਿਵਲ ਜੱਜ (ਸੀਨੀਅਰ ਡਵੀਜ਼ਨ)-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਵੱਲੋਂ ਅੱਜ ਸਥਾਨਕ ਪੁਲਿਸ ਲਾਈਨ ਵਿਖੇ ਮਹਿਲਾ ਪੁਲਿਸ ਅਧਿਕਾਰੀਆਂ ਅਤੇ ਕਰਮਚਾਰਨਾਂ ਲਈ ਇੱਕ ਵਿਸ਼ੇਸ਼ ਟ੍ਰੇਨਿੰਗ ਪ੍ਰੋਗਰਾਮ ਕਰਵਾਇਆ ਗਿਆ। ਇਸ ਟ੍ਰੇਨਿੰਗ ਪ੍ਰੋਗਰਾਮ ਦੌਰਾਨ ਸ੍ਰੀ ਸੁਮਿਤ ਭੱਲਾ, ਸਿਵਲ ਜੱਜ (ਸੀਨੀਅਰ ਡਵੀਜ਼ਨ)-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਦੁਆਰਾ ਮਹਿਲਾ ਪੁਲਿਸ ਅਧਿਕਾਰੀਆਂ ਤੇ ਕਰਮਚਾਰਨਾਂ ਨੂੰ ਜੁਵੇਨਾਈਲ ਜਸਟਿਸ ਐਕਟ-2015 ਬਾਰੇ ਵਿਸਥਾਰ ਵਿੱਚ ਦੱਸਿਆ ਗਿਆ। ਇਸ ਤੋਂ ਇਲਾਵਾ ਉਨ੍ਹਾਂ ਪੁਲਿਸ ਕਰਮੀਆਂ ਨੂੰ ਇਸ ਐਕਟ ਦੀ ਪਾਲਣਾ ਸਬੰਧੀ ਜਰੂਰੀ ਹਦਾਇਤਾਂ ਵੀ ਦਿੱਤੀਆਂ। ਇਸ ਮੌਕੇ ਉਨ੍ਹਾਂ ਇਹ ਵੀ ਦੱਸਿਆ ਕਿ ਬੱਚੇ ਮੁਫ਼ਤ ਕਾਨੂੰਨੀ ਸਹਾਇਤਾ ਲੈਣ ਦੇ ਹੱਕਦਾਰ ਹਨ ਅਤੇ ਉਹ ਦਫ਼ਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਰਾਹੀਂ ਆਪਣੇ ਕੇਸਾਂ ਵਿੱਚ ਮੁਫ਼ਤ ਵਕੀਲ ਲੈਣ ਲਈ ਸੰਪਰਕ ਕਰ ਸਕਦੇ ਹਨ। ਇਸ ਟ੍ਰੇਨਿੰਗ ਪ੍ਰੋਗਰਾਮ ਦੌਰਾਨ ਐਡਵੋਕੇਟ ਰੁਫਸਾ ਸਭਰਵਾਲ ਦੁਆਰਾ ਮਹਿਲਾ ਪੁਲਿਸ ਕਰਮਚਾਰਨਾਂ ਨੂੰ ਪੰਜਾਬ ਵਿਕਟਮ ਕੰਪਨਸੇਸ਼ਨ ਸਕੀਮ ਬਾਰੇ ਵਿਸਥਾਰ ਵਿੱਚ ਦੱਸਿਆ ਗਿਆ।

# ਲੋਕ ਸੱਭਿਆਚਾਰਕ ਪਿੜ (ਰਜਿ:)ਗੁਰਦਾਸਪੁਰ ਲਾਇਗਾ ਜੂਨ ਦੀਆ ਛੁੱਟੀਆ ਚ ਭੰਗੜਾ ਕੈਂਪ

ਗੁਰਦਾਸਪੁਰ (ਨਵਨੀਤ ਕੁਮਾਰ ) ਨੌਜਵਾਨ ਪੀੜੀ ਨੂੰ ਪੰਜਾਬ ਦੇ ਪ੍ਰਸਿੱਧ ਲੋਕ ਨਾਚ ਭੰਗੜੇ ਨਾਲ ਜੋੜਨ ਦੀ ਕੋਸ਼ਿਸ਼ ਕਰਦੇ ਆ ਰਹੇ ਲੋਕ ਸੱਭਿਆਚਾਰਕ ਪਿੜ (ਰਜਿ:) ਗੁਰਦਾਸਪੁਰ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਜੂਨ ਮਹੀਨੇ ਵਿੱਚ ਸਵ:ਹੈਪੀ ਮਾਨ ਦੀ ਯਾਦ ਵਿੱਚ ਭੰਗੜਾ ਸਿਖਲਾਈ ਕੈਂਪ ਲਗਾਇਆ ਜਾਵੇਗਾ। ਪਿੜ ਦੇ ਬਾਨੀ ਤੇ ਭੰਗੜੇ ਦੇ ਬਾਬਾ ਬੋਹੜ ਸ.ਅਜੈਬ ਸਿੰਘ ਚਾਹਲ ਦੀ ਰਹਿਨੁਮਾਈ ਹੇਠ ਪੁਰਾਣੇ ਭੰਗੜੀਆਂ ਦੀ ਇੱਕ ਮੀਟਿੰਗ ਸੱਦੀ ਗਈ। ਸਾਰੇ ਭੰਗੜਾ ਕਲਾਕਾਰ ਵੱਲੋਂ ਲੋਕ ਨਾਚਾਂ ਤੇ ਵਿਚਾਰ ਦੱਸੇ ਗਏ। ਇਸ ਮੌਕੇ ਸ.ਅਜੈਬ ਸਿੰਘ ਜੀ ਨੇ ਅਪਣੇ ਵਿਚਾਰ ਦੇਂਦੇ ਹੋਏ ਸਰਕਾਰ ਕੋਲੋਂ ਮੰਗ ਕੀਤੀ ਕਿ ਪੰਜਾਬ ਦੇ ਲੋਕ ਨਾਚਾਂ ਦੇ ਸਕੂਲਾਂ ਅਤੇ ਕਾਲਜਾਂ ਵਿੱਚ ਪੀਰੀਅਡ ਲੱਗਣੇ ਚਾਹੀਦੇ ਤਾਂ ਹੀ ਸਾਡੇ ਪੰਜਾਬੀ ਲੋਕ ਨਾਚ ਬੱਚਿਆਂ ਵਿੱਚ ਪ੍ਰਚੱਲਿਤ ਹੋ ਸਕਦੇ ਹਨ। ਇਸ ਮਕਸਦ ਨਾਲ ਇਹ ਮਤਾ ਪਾਸ ਕੀਤਾ ਗਿਆ ਕਿ ਜੂਨ ਦੀਆਂ ਛੁੱਟੀਆਂ ਨੂੰ ਮੁੱਖ ਰੱਖਦੇ ਹੋਏ ਹਰ ਵਰਗ ਦੇ ਭੰਗੜਾ ਸਿੱਖਣ ਵਾਲੇ ਨੂੰ ਸਿਖਲਾਈ ਦਿੱਤੀ ਜਾਵੇਗੀ। ਜਿਸ ਵਿੱਚ ਕੋਈ ਵੀ ਚਾਹਵਾਣ ਭਾਗ ਲੈ ਸਕਦਾ ਹੈ। ਸਿੱਖਣ



ਵਾਲਿਆਂ ਕੋਲੋਂ ਸਿਰਫ ਢੋਲ ਦੀ ਹੀ ਫੀਸ ਲਈ ਜਾਵੇਗੀ। ਜੈਕਬ ਮਸੀਹ ਤੇਜਾ ਨੇ ਦੱਸਿਆ ਕਿ ਨੌਜਵਾਨ ਪੀੜੀ ਵਿਚ ਵਧ ਰਹੇ ਨਸ਼ਿਆਂ ਨੂੰ ਠੱਲ ਪਾਉਣ ਲਈ ਪਿੜ ਪਰਿਵਾਰ ਵੱਲੋਂ ਇਕ ਮੁਹਿਮ ਚਲਾਈ ਜਾਵੇਗੀ ਜਿਸ ਦਾ ਨਾਮ ਹੈ।ਨ ਤੋਂ ਨਸ਼ਾ ਅਤੇ ਨ ਤੋਂ ਨਾਚ ਜਾਣੀ ਕਿ ਨਸ਼ੇ ਤੋਂ ਹਟਾ ਕੇ ਨਾਚਾਂ ਨਾਲ ਜੋੜਿਆ ਜਾਵੇ।

ਇਸ ਮੀਟਿੰਗ ਵਿਚ ਮੌਜੂਦ ਪਿੜ ਦੇ ਪੈਰੋਕਾਰ ਤੇ ਪ੍ਰਸਿੱਧ ਭੰਗੜਾ ਕੋਚ ਜੈਕਬ ਮਸੀਹ ਤੇਜਾ, ਲੈਕਚਰਾਰ ਜਸਬੀਰ ਸਿੰਘ ਮਾਨ,ਗੁਰਜਿੰਦਰ ਸਿੰਘ ਸੋਹਲ,ਲੈਕਚਰਾਰ ਬਲਵਿੰਦਰ ਸਿੰਘ, ਮਾਸਟਰ ਕੁਲਵੰਤ ਸਿੰਘ,ਮਾਸਟਰ ਇੰਦਰਬੀਰ ਸਿੰਘ, ਸਤਨਾਮ ਸਿੰਘ,ਬਲਵਿੰਦਰ ਸਿੰਘ ਕਾਲੀ,ਡਾ.ਗੁਰਜੀਤ ਸਿੰਘ ,ਸੁਖਦੀਪ ਸਿੰਘ ਨੇ ਵੀ ਲੋਕ ਨਾਚ ਭੰਗੜੇ ਪ੍ਰਤੀ ਆਪੋ ਆਪਣੇ ਵੱਡੇਮੁਲੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਜੈਕਬ ਮਸੀਹ ਤੇਜਾ ਨੇ ਕਿਹਾ ਕਿ ਬੱਚਿਆਂ ਨੂੰ ਭੰਗੜੇ ਦੇ ਨਾਲ- ਨਾਲ ਅਲੋਪ ਹੋ ਗਏ ਪੁਰਾਤਨ ਲੋਕ ਸਾਜ਼ਾਂ ਬਾਰੇ ਵੀ ਜਾਣਕਾਰੀ ਦਿੱਤੀ ਜਾਵੇਗੀ।

SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808
FACILITIES AVAILABLE
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgieries, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Ambulance Service 24hrs.
Free Medicine for 9am to 5pm

# ਪੰਜਾਬ ਦੀਆਂ ਹਜ਼ਾਰਾਂ ਆਸਾ ਵਰਕਰਾਂ ਤੇ ਫੈਸਲੀਟੇਟਰਜ ਪਿਛਲੇ ਤਿੰਨ ਮਹੀਨਿਆਂ ਤੋਂ ਤਨਖਾਹਾਂ ਨੂੰ ਤਰਸੀਆਂ

## ਮਹਿਜ਼ 2500 ਰੁਪਏ ਮਹੀਨਾ ਦੇਣ ਲਈ ਲਈ ਨਹੀਂ ਹਨ ਸਿਹਤ ਵਿਭਾਗ ਕੋਲ ਪੈਸੇ

ਗੁਰਦਾਸਪੁਰ(ਨਵਨੀਤ ਕੁਮਾਰ) ਸਿਹਤ ਵਿਭਾਗ ਦੀ ਰੀੜ੍ਹ ਦੀ ਹੱਡੀ ਤੌਰ ਤੇ ਜਾਣੀਆਂ ਜਾਂਦੀਆਂ 25000 ਦੇ ਲੱਗ ਭੱਗ ਆਸਾ ਵਰਕਰਾਂ ਤੇ ਫੈਸੀਲੀਟੇਟਰਜ ਨੂੰ ਪਿਛਲੇ ਤਿੰਨ ਮਹੀਨਿਆਂ ਤੋਂ ਤਨਖਾਹ ਨਾ ਮਿਲਣ ਤੇ ਆਰਥਿਕ ਤੰਗੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੌਜੂਦਾ ਸਰਕਾਰ ਵੱਲੋਂ ਇਹਨਾਂ ਵਰਕਰਾਂ ਦੀ ਤਨਖਾਹ ਵਿਚ ਦੁਗਣਾ ਵਾਧਾ ਕਰਨ ਦਾ ਵਾਅਦਾ ਕੀਤਾ ਸੀ ਪਰ ਤਨਖਾਹ ਦੁੱਗਣੀ ਤਾਂ ਕੀ ਕਰਨੀ ਸੀ ਸਗੋਂ ਉਨ੍ਹਾਂ ਨੂੰ 2500 ਰੁਪਏ ਮਹੀਨਾ ਤਨਖਾਹ ਦੇਣ ਤੋਂ ਵੀ ਸਰਕਾਰ ਦਾ ਖਜ਼ਾਨਾ ਖਾਲੀ ਹੈ। ਸਿਹਤ ਵਿਭਾਗ ਦੀ ਚੰਡੀਗੜ੍ਹ ਬੈਠੀ ਅਫ਼ਸਰਸ਼ਾਹੀ ਆਪ ਤਾਂ ਲੱਖਾਂ ਰੁਪਏ ਤਨਖਾਹ ਲੈਂਦੀ ਹੈ ਪਰ ਉਨ੍ਹਾਂ ਦੇ ਦਿਨ ਰਾਤ ਕੰਮ ਕਰਨ ਦੇ ਬਾਵਜੂਦ ਉਨ੍ਹਾਂ ਦੇ ਘਰਾਂ ਦਾ ਕੋਈ ਫ਼ਕਿਰ ਨਹੀਂ ਕਰਦੀ। ਇਹ ਦੋਸ਼ ਲਾਉਂਦਿਆਂ ਡੈਮੋਕ੍ਰੇਟਿਕ ਆਸਾ ਵਰਕਰਜ ਤੇ ਫੈਸੀਲੀਟੇਟਰਜ ਯੂਨੀਅਨ ਦੀ ਸੂਬਾਈ ਆਗੂਆਂ ਮਨਜੀਤ ਕੌਰ ਬਿਲਗਾ, ਸ਼ਕੁੰਤਲਾ ਸਰੋਏ, ਗੁਰਵਿੰਦਰ ਕੌਰ ਪਰਮਜੀਤ ਕੌਰ ਮਾਨ, ਸਰਬਜੀਤ ਕੌਰ ਮਚਾਕੀ, ਇੰਦੂ ਰਾਣਾ ਨੇ ਕਿਹਾ ਕਿ ਸਿਹਤ ਮੰਤਰੀ ਪੰਜਾਬ ਨੇ 4 ਮਈ ਨੂੰ ਉਨ੍ਹਾਂ ਨਾਲ ਮੀਟਿੰਗ ਕਰਕੇ ਵਰਕਰਾਂ ਦੀਆਂ ਸਾਰੀਆਂ ਮੁਸ਼ਕਲਾਂ ਹੱਲ ਕਰਨ ਦਾ ਭਰੋਸਾ ਦਿੱਤਾ ਸੀ। ਪਰ ਉਹਨਾਂ ਵਰਕਰਾਂ ਨੂੰ ਦਿੱਤੇ ਭਰੋਸੇ ਨੂੰ ਅਮਲੀ ਜਾਮਾ ਪਹਿਨਾਉਣ ਦੀ ਬਜਾਏ ਉਨ੍ਹਾਂ ਨੂੰ ਤਨਖਾਹਾਂ ਤੋਂ ਵੀ ਆਕੀ ਕਰ ਦਿੱਤਾ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਉਨ੍ਹਾਂ ਦੀਆਂ ਤਨਖਾਹਾਂ ਜਲਦੀ ਤੋਂ ਜਲਦੀ ਜਾਰੀ ਕੀਤੀਆਂ ਜਾਣ। ਗੁਰਦਾਸਪੁਰ ਜ਼ਲ੍ਹਿ ਨਾਲ ਸਬੰਧਿਤ ਜਥੇਬੰਦੀ ਦੇ ਨਾਲ ਸਬੰਧਤ ਬਲਵਿੰਦਰ ਕੌਰ ਅਲੀ ਸ਼ੇਰ, ਕੁਲਵੀਰ ਕੌਰ ਖੋਖਰ ਫੌਜੀਆਂ, ਕਰਮਜੀਤ ਕੌਰ, ਕਾਂਤਾ ਦੇਵੀ ਗੁਰਵਿੰਦਰ ਕੌਰ ਸ਼ਾਹਪੁਰ ਕੋਟਲੀ, ਪਰਮਜੀਤ ਕੌਰ ਬਾਠਾਵਾਲਾ, ਸਿੰਦੀ ਫਤਹਿ ਨੰਗਲ ਮੀਰਾਂ ਕਾਹਨੂੰਵਾਨ ਨੇ ਦੱਸਿਆ ਕਿ ਗੁਰਦਾਸਪੁਰ ਜ਼ਲ੍ਹਿ ਦੀਆਂ ਆਸਾ ਵਰਕਰਾਂ ਵੱਲੋਂ ਸੰਘਰਸ਼ ਦੀ ਰੂਪ ਰੇਖਾ ਉਲੀਕਣ ਲਈ ਅਗਲੇ ਹਫਤੇ ਮੀਟਿੰਗ ਕੀਤੀ ਜਾਵੇਗੀ। ਹੈਲਥ ਕਾਰਪੋਰੇਸ਼ਨ ਪੰਜਾਬ ਦੇ ਚੇਅਰਮੈਨ ਸ੍ਰੀ ਰਮਨ ਬਹਿਲ ਨੂੰ ਮਿਲ ਕੇ ਵਰਕਰਾਂ ਨੂੰ ਆ ਰਹੀਆਂ ਸਮੱਸਿਆਵਾਂ ਤੇ ਵਿਚਾਰ ਚਰਚਾ ਕੀਤੀ ਜਾਵੇਗੀ। ਦੇ ਢੁਕਵਾਂ ਹੱਲ ਨਹੀਂ ਨਿਕਲਿਆ ਤਾਂ ਤਿੱਖਾ ਸੰਘਰਸ਼ ਕੀਤਾ ਜਾਵੇਗਾ।




# ਖੇੜਾ ਕਲਮੋਟ ਸਕੂਲ਼ ਵਿਚ ਵਰਦੀਆਂ ਵੰਡੀਆਂ



ਸ਼੍ਰੀ ਅਨੰਦਪੁਰ ਸਾਹਿਬ/ਖੇੜਾ ਕਲਮੋਟ 17 ਮਈ (ਜੋਗਿੰਦਰ ਰਾਣਾ , ਰਾਜਿੰਦਰ ਧੀਮਾਨ) ਇਲਾਕੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੇੜਾ ਕਲਮੋਟ ਰੂਪਨਗਰ ਵਿੱਚ ਸਾਲ 2023-24 ਲਈ 6ਵੀਂ ਤੋਂ 8ਵੀਂ ਕਲਾਸ ਦੀਆਂ ਸਾਰੀਆਂ ਲੜਕੀਆਂ ਤੇ ਐਸ ਸੀ ਲੜਕਿਆ ਨੂੰ ਅੱਜ ਸਿੱਖਿਆ ਵਿਭਾਗ ਵੱਲੋਂ ਦਿੱਤੀਆਂ ਜਾਂਦੀਆਂ ਮੁਫ਼ਤ ਵਰਦੀਆਂ ਸਕੀਮ ਤਹਿਤ ਸਕੂਲ ਇੰਚਾਰਜ ਪ੍ਰੇਮ ਕੁਮਾਰ ਧੀਮਾਨ ਵਲੋਂ ਵਰਦੀਆਂ ਦੀ ਵੰਡ ਕੀਤੀ ਗਈ ਇਸ ਮੌਕੇ ਤੇ ਮਾਪਿਆਂ ਵਲੋਂ ਮਾਨਯੋਗ ਸਿੱਖਿਆ ਮੰਤਰੀ ਸਰਦਾਰ ਹਰਜੋਤ ਸਿੰਘ ਬੈਂਸ ਤੇ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕੀਤਾ ਗਿਆ ਕਿਉਕਿ ਪਹਿਲੀ ਵਾਰ ਵਰਦੀਆਂ ਸੈਸ਼ਨ ਦੇ ਆਰੰਭ ਵਿੱਚ ਬਚਿਆਂ ਨੂੰ ਪ੍ਰਾਪਤ ਹੋਈਆਂ ਹਨ ਇਸ ਮੌਕੇ ਤੇ ਸਕੂਲ਼ ਮੈਨੇਜਮੈਂਟ ਕਮੇਟੀ ਚੇਅਰਮੈਨ ਮੰਗਤ ਰਾਮ, ਲੈਕਚਰਾਰ ਸੁਦੇਸ਼ ਕੁਮਾਰੀ, ਪੰਜਾਬੀ ਲੇਖਕ ਅਮਰੀਕ ਸਿੰਘ, ਪਲਵਿੰਦਰ ਸਿੰਘ,ਗੁਰਵਿੰਦਰ ਸਿੰਘ, ਅਰਵਿੰਦ ਸ਼ਰਮਾ, ਮੀਤਕ ਸ਼ਰਮਾ ਕੁਲਦੀਪ ਰਾਣਾ ਰਾਜੇਸ਼ ਰਾਣਾ, ਪ੍ਰਿਯੰਕਾ, ਬਲਵਿੰਦਰ ਕੌਰ , ਮੋਨਿਕਾ ਰਾਣੀ ਤੇ ਹੋਰ ਕਮੇਟੀ ਮੈਂਬਰ ਸਾਮਿਲ ਸਨ ।

# ਸਿਵਲ ਜੱਜ (ਸੀਨੀਅਰ ਡਵੀਜ਼ਨ) ਸ੍ਰੀ ਸੁਮਿਤ ਭੱਲਾ ਵੱਲੋਂ ਕੇਂਦਰੀ ਜੇਲ ਅਤੇ ਚਿਲਡਰਨ ਹੋਮ ਗੁਰਦਾਸਪੁਰ ਦਾ ਦੌਰਾ



ਗੁਰਦਾਸਪੁਰ (ਨਵਨੀਤ ਕੁਮਾਰ ) ਸ੍ਰੀ ਸੁਮਿਤ ਭੱਲਾ, ਸਿਵਲ ਜੱਜ (ਸੀਨੀਅਰ ਡਵੀਜ਼ਨ)-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਵੱਲੋਂ ਅੱਜ ਕੇਂਦਰੀ ਜੇਲ, ਗੁਰਦਾਸਪੁਰ ਅਤੇ ਚਿਲਡਰਨ ਹੋਮ ਗੁਰਦਾਸਪੁਰ ਦਾ ਦੌਰਾ ਕੀਤਾ ਗਿਆ।

ਕੇਂਦਰੀ ਜੇਲ ਦੇ ਦੌਰੇ ਦੌਰਾਨ ਸ੍ਰੀ ਸੁਮਿਤ ਭੱਲਾ, ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਕੈਦੀਆਂ ਅਤੇ ਹਵਾਲਾਤੀਆਂ ਨੂੰ ਮਿਲ ਕੇ ਉਹਨਾਂ ਦੀਆਂ ਮੁਸ਼ਕਿਲਾਂ ਸੁਣੀਆਂ ਗਈਆਂ। ਇਸ ਤੋਂ ਇਲਾਵਾ ਉਨ੍ਹਾਂ ਨੇ ਜੇਲ ਦੀਆਂ ਬੈਰਕਾਂ ਅਤੇ ਜੇਲ ਅੰਦਰ ਲੰਗਰ ਹਾਲ ਦਾ ਵੀ ਨਿਰੀਖਣ ਕੀਤਾ। ਇਸ ਮੌਕੇ ਉਹਨਾਂ ਦੁਆਰਾ ਕੈਦੀਆਂ ਅਤੇ ਹਵਾਲਾਤੀਆਂ ਨਾਲ ਗੱਲਬਾਤ ਕੀਤੀ ਗਈ ਅਤੇ ਉਹਨਾਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਅਤੇ ਲੀਗਲ ਏਡ ਬਾਰੇ ਜਾਗਰੂਕ ਕਰਵਾਇਆ। ਜੇਲ ਵਿੱਚ ਸਾਰੇ ਪ੍ਰਬੰਧ ਠੀਕ ਪਾਏ ਗਏ। ਇਸ ਉਪਰੰਤ ਸ੍ਰੀ ਸੁਮਿਤ ਭੱਲਾ, ਸਿਵਲ ਜੱਜ (ਸੀਨੀਅਰ ਡਵੀਜ਼ਨ)-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਵੱਲੋਂ ਚਿਲਡਰਨ ਹੋਮ, ਗੁਰਦਾਸਪੁਰ ਦਾ ਦੌਰਾ ਵੀ ਕੀਤਾ ਗਿਆ। ਉਨ੍ਹਾਂ ਨੇ ਚਿਲਡਰਨ ਹੋਮ ਦਾ ਨਿਰੀਖਣ ਕੀਤਾ ਅਤੇ ਚਿਲਡਰਨ ਹੋਮ ਦੇ ਸਹਿਵਾਸੀ ਬੱਚਿਆਂ ਨਾਲ ਗੱਲਬਾਤ ਕਰਕੇ ਚਿਲਡਰਨ ਹੋਮ ਦੇ ਪ੍ਰਬੰਧਾਂ ਬਾਰੇ ਉਨ੍ਹਾਂ ਕੋਲੋਂ ਫੀਡਬੈਕ ਲਈ ਅਤੇ ਸਾਰੇ ਹੀ ਬੱਚਿਆਂ ਨੇ ਚਿਲਡਰਨ ਹੋਮ ਵਿੱਚ ਦਿੱਤੀਆਂ ਜਾ ਰਹੀਆਂ ਸਹੂਲਤਾਂ ਉੱਪਰ ਤਸੱਲੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਈ ਕਰਨ ਅਤੇ ਆਪਸ ਵਿੱਚ ਮਿਲ-ਜੁਲ ਕੇ ਰਹਿਣ ਲਈ ਕਿਹਾ। ਇਸ ਮੌਕੇ ਚਿਲਡਰਨ ਹੋਮ, ਗੁਰਦਾਸਪੁਰ ਦਾ ਸਟਾਫ ਵੀ ਮੌਜੂਦ ਸੀ।

# ਭਾਜਪਾ ਜ਼ਿਲ੍ਹਾ ਰੂਪਨਗਰ ਦੇ ਲੀਗਲ ਸੈੱਲ ਦੇ ਇੰਚਾਰਜ ਐਡਵੋਕੇਟ ਦੀਪਕ ਧਰਮਾਣੀ ਨੂੰ ਲਗਾਇਆ

ਸ਼੍ਰੀ ਅਨੰਦਪੁਰ ਸਾਹਿਬ (ਜੋਗਿੰਦਰ ਰਾਣਾ , ਰਾਜਿੰਦਰ ਧੀਮਾਨ) ਭਾਜਪਾ ਦੇ ਜਿਲਾ ਪ੍ਰਧਾਨ ਅਜੇਵੀਰ ਸਿੰਘ ਲਾਲਪੁਰਾ ਦੇ ਦਿਸ਼ਾ ਨਿਰਦੇਸ਼ਾਂ ਦੇ ਅਨੁਸਾਰ ਭਾਜਪਾ ਯੁਵਾ ਮੋਰਚਾ ਦੇ ਜਿਲਾ ਪ੍ਰਧਾਨ ਅਮਨਪ੍ਰੀਤ ਸਿੰਘ ਕਾਬੜਵਾਲ ਦੀ ਦੇਖ ਰੇਖ ਹੇਠ ਜ਼ਿਲ੍ਹਾ ਰੂਪਨਗਰ ਦੇ ਲੀਗਲ ਸੈੱਲ



ਦੇ ਇੰਚਾਰਜ ਐਡਵੋਕੇਟ ਦੀਪਕ ਧਰਮਾਣੀ ਨੂੰ ਲਗਾਇਆ ਗਿਆ। ਇਸ ਮੌਕੇ ਐਡਵੋਕੇਟ ਦੀਪਕ ਧਰਮਾਣੀ ਨੇ ਭਾਜਪਾ ਦੇ ਜ਼ਲ੍ਹਿਾ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਅਤੇ ਯੂਥ ਪ੍ਰਧਾਨ ਅਮਨਪ੍ਰੀਤ ਸਿੰਘ ਕਾਬੜਵਾਲ ਦਾ ਧੰਨਵਾਦ ਕੀਤਾ।



# ਸਰਕਾਰੀ ਬਹੁਤਕਨੀਕੀ ਕਾਲਜ ਖੂਨੀਮਾਜਰਾ ਵਿਖੇ ਸਵੈ ਰੋਜ਼ਗਾਰ ਵਿਸ਼ੇ 'ਤੇ ਸੈਮੀਨਾਰ

## ਉੱਘੀ ਕਾਰੋਬਾਰੀ ਪ੍ਰੇਰਨਾ ਕਾਲੜਾ ਨੇ ਬਤੌਰ ਮੁੱਖ ਵਕਤਾ ਸ਼ਿਰਕਤ ਕੀਤੀ

ਖਰੜ /ਮੋਹਾਲੀ (ਰੀਤਿਸ਼ ਕੁਮਾਰ ) ਸਥਾਨਕ ਸਰਕਾਰੀ ਬਹੁਤਕਨੀਕੀ ਕਾਲਜ ਖੂਨੀਮਾਜਰਾ ਮੋਹਾਲੀ ਦੇ ਸਿਵਲ ਇੰਜੀਨੀਅਰਿੰਗ ਵਿਭਾਗ ਵੱਲੋਂ ਭਵਿੱਖ ਦੇ ਕਾਰੋਬਾਰੀ ਲੱਭਣ ਲਈ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਵਿੱਚ ਉੱਘੀ ਕਾਰੋਬਾਰੀ (ਇੰਟਰਪਰੀਨਿਊਰ) ਪ੍ਰੇਰਨਾ ਕਾਲੜਾ ਮੈਨੇਜਿੰਗ ਡਾਇਰੈਕਟਰ ਸਟਾਰਟ ਅੱਪ ਹੁਨਾ ਏ ਆਈ ਕੰਪਨੀ ਅਤੇ ਓਪਨ ਹੈਂਡ ਸੋਲੂਸ਼ਨਜ ਬਿਜਨਸ ਵੂਮੈਨ ਨੇ ਬਤੌਰ ਮੁੱਖ ਵਕਤਾ ਸ਼ਿਰਕਤ ਕੀਤੀ। ਕਾਲਜ ਦੇ ਪ੍ਰਿੰਸੀਪਲ ਸ੍ਰੀ ਰਾਜੀਵ ਪੁਰੀ ਨੇ ਪ੍ਰੋਗਰਾਮ ਦੀ ਪ੍ਰਧਾਨਗੀ ਕਰਦਿਆਂ ਸਿਵਲ ਇੰਜੀਨੀਅਰਿੰਗ ਵਿਭਾਗ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਕਾਲਜ ਦਾ ਮੁੱਖ ਮੰਤਵ ਵਿਦਿਆਰਥੀਆਂ ਨੂੰ ਸਵੈ ਰੋਜ਼ਗਾਰ ਵੱਲ ਪ੍ਰੇਰਿਤ ਕਰਨਾ ਹੈ ਤਾਂ ਜੋ ਭਵਿੱਖ ਦੇ ਉਦਮੀ ਕਾਰੋਬਾਰੀ ਬਣ ਸਕਣ। ਇਸ ਮੌਕੇ ਸਿਵਲ ਇੰਜੀਨੀਅਰਿੰਗ ਵਿਭਾਗ ਦੇ ਅਫਸਰ ਇੰਚਾਰਜ ਪ੍ਰੋ ਗੁਰਬਖਸ਼ੀਸ਼ ਸਿੰਘ ਅੰਟਾਲ ਵੱਲੋਂ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ ਅਤੇ ਦੱਸਿਆ ਕਿ ਪ੍ਰੇਰਣਾ ਕਾਲੜਾ ਦਾ ਉਘੀਆਂ ਉਦਯੋਗਿਕ ਇਕਾਈਆਂ ਆਈ ਬੀ ਐਮ, ਕੁਆਰਕ, ਡੈਲ ਅਤੇ ਏਡੀਫੈਕਸ ਆਦਿ ਨਾਮਵਰ ਕੰਪਨੀਆਂ ਵਿੱਚ ਬਤੌਰ ਸੀਨੀਅਰ ਆਫੀਸਰ ਸੇਵਾਵਾਂ ਨਿਭਾ ਚੁੱਕੇ ਹਨ ਅਤੇ ਬੜੇ ਥੋੜੇ ਸਮੇਂ ਵਿਚ ਇੱਕ ਉੱਘੇ ਸਟਾਰਟ ਅੱਪ ਕਾਰੋਬਾਰੀ






ਦੇ ਤੌਰ ਤੇ ਆਪਣੀ ਪਹਿਚਾਣ ਬਣਾਈ ਹੈ। ਪ੍ਰੇਰਣਾ ਕਾਲੜਾ ਨੇ ਵਿਦਿਆਰਥੀਆਂ ਦੇ ਰੂਬਰੂ ਹੁੰਦਿਆਂ ਉਹਨਾਂ ਨਾਲ ਆਪਣੇ ਪੀ ਐਚ ਡੀ ਚੈਂਬਰ ਆਫ ਕਮਰਸ ਅਤੇ ਇਨਵੈਸਟਰ ਪੰਜਾਬ ਦੇ ਤਜਰਬਿਆਂ ਨੂੰ ਸਾਂਝਾ ਕੀਤਾ। ਉਹਨਾਂ ਵਿਦਿਆਰਥੀਆਂ ਨੂੰ ਸਵੈ ਰੋਜ਼ਗਾਰ ਵੱਲ ਪ੍ਰੇਰਿਤ ਕਰਦਿਆਂ ਭਵਿੱਖ ਦੇ ਕਾਰੋਬਾਰੀ ਬਨਣ ਲਈ ਉਤਸ਼ਾਹਿਤ ਕੀਤਾ। ਉਹਨਾਂ ਦੱਸਿਆ ਕਿ ਹਰ ਇੱਕ ਸ਼ੁਰੂਆਤ ਜੀਰੋ ਤੋਂ ਹੀ ਹੁੰਦੀ ਹੈ ਲੋੜ ਹੁੰਦੀ ਮੌਕੇ ਤਲਾਸ਼ਣ ਦੀ ਅਤੇ ਸਹੀ ਦਿਸ਼ਾ ਵਿੱਚ ਆਪਣੇ ਤਕਨੀਕੀ ਗਿਆਨ ਨਾਲ ਇੱਕ ਸ਼ੁਰੂਆਤ ਕਰਨ ਦੀ। ਉਹਨਾਂ ਭਾਰਤ ਅਤੇ ਪੰਜਾਬ ਸਰਕਾਰ ਵਲੋਂ ਜਾਰੀ ਭਵਿੱਖ ਦੇ ਕਾਰੋਬਾਰੀਆਂ ਲਈ ਵੱਖ ਵੱਖ ਸਕੀਮਾਂ ਬਾਰੇ ਵੀ ਚਾਨਣਾ ਪਾਇਆ। ਇਸ ਦੋ ਤਰਫਾ ਵਾਰਤਾਲਾਪ ਵਿਚ ਵਿਦਿਆਰਥੀਆਂ ਨੇ ਵੀ ਅਪਣੀਆਂ ਯੋਜਨਾਵਾਂ ਸਬੰਧੀ ਸਵਾਲ ਜਵਾਬ ਕੀਤੇ। ਇਸ ਮੌਕੇ ਸਿਵਲ ਇੰਜੀਨੀਅਰਿੰਗ ਦੇ ਵਿਦਿਆਰਥੀਆਂ ਦਾ ਪ੍ਰੋਜੈਕਟ ਜੋ ਰਾਜ ਪੱਧਰੀ ਟੈਕ ਫੈਸਟ ਵਿਚ ਪਹਿਲੇ ਸਥਾਨ ਤੇ ਰਿਹ ਬਲਾਇੰਡ ਕਰਵਜ ਉਪਰ ਐਕਸੀਡੈਂਟ ਤੋਂ ਬਚਾ ਲਈ ਸੈਂਸਰ ਸਿਸਟਮ ਉੱਪਰ ਵੀ ਚਰਚਾ ਕੀਤੀ ਗਈ ਅਤੇ ਇਸ ਪ੍ਰੋਜੈਕਟ ਨੂੰ ਬਨਾਉਣ ਵਾਲੇ ਵਿਦਿਆਰਥੀਆਂ ਗੁਰਸੇਵਕ ਸਿੰਘ, ਯੋਗਿਤਾ, ਆਨੰਦ ਸ੍ਰੀ ਨੇ ਆਪਣੇ ਤਜਰਬੇ ਸਾਂਝੇ ਕੀਤੇ। ਪ੍ਰੋਗਰਾਮ ਨੂੰ ਸਫਲ ਬਨਾਉਣ ਲਈ ਮੈਡਮ ਅੰਸੂ ਸ਼ਰਮਾ, ਮੈਡਮ ਪੂਰਨੀਮਾ, ਬਰਿੰਦਰਪ੍ਰਤਾਪ ਸਿੰਘ ਸਹਾਇਕ ਟ੍ਰੇਨਿੰਗ ਅਤੇ ਪਲੇਸਮੈਂਟ ਅਫਸਰ, ਪਵਿੱਤਰ ਸਿੰਘ ਲੈਕਚਰਾਰ, ਰਮਨ ਕੁਮਾਰ, ਸ੍ਰੀ ਸੁਬੋਧ ਪ੍ਰੋਗਰਾਮਰ ਅਤੇ ਪ੍ਰੀਤ ਪਾਲੀਆਂ ਦਾ ਅਹਿਮ ਯੋਗਦਾਨ ਰਿਹਾ।

# ਸ੍ਰੀ ਗੁਰੂ ਹਰਗੋਬਿੰਦ ਸਪੋਰਟਸ ਕਲੱਬ ਬਾਹੜੋਵਾਲ ਦੀਆਂ ਪਹਿਲਵਾਨ ਲੜਕੇ-ਲੜਕੀਆਂ ਨੇ ਪੰਜਾਬ ਪੱਧਰੀ ਕੁਸ਼ਤੀ ਚੈਪੀਅਨਸ਼ਿੱਪ ਵਿੱਚੋਂ ਜਿੱਤੇ ਤਿੰਨ ਬਰਾਊਨ ਮੈਡਲ

ਸਹੀਦ ਭਗਤ ਸਿੰਘ ਨਗਰ (ਰਮੇਸ ਸਰਮਾ/ਗੁਰਪ੍ਰੀਤ ਵਾਸੂ)ਇਲਾਕੇ ਦੀ ਪ੍ਰਸਿੱਧ ਕੁਸ਼ਤੀ ਟਰੇਨਿੰਗ ਸੰਸਥਾ ਸ੍ਰੀ ਗੁਰੂ ਹਰਗੋਬਿੰਦ ਸਪੋਰਟਸ ਕਲੱਬ ਬਾਹੜੋਵਾਲ ਵਿਖੇ ਕੁਸ਼ਤੀ ਟਰੇਨਿੰਗ ਪ੍ਰਾਪਤ ਕਰਨ ਵਾਲੇ ਪਹਿਲਵਾਨਾਂ ਨੇ ਪੰਜਾਬ ਰੈਸਲਿੰਗ ਐਸੋਸ਼ੀਏਸ਼ਨ ਪੰਜਾਬ ਵੱਲੋ ਗੋਲੂ ਅਖਾੜਾ, ਮੁੱਲਾਂਪੁਰ (ਮੁਹਾਲੀ) ਵਿਖੇ ਆਯੋਜਿਤ ਪੰਜਾਬ ਪੱਧਰ ਦੀ ਕੁਸ਼ਤੀ ਚੈਪੀਅਨਸ਼ਿੱਪ (ਅੰਡਰ 15 ਸਾਲ) ਵਿੱਚ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਕੁਸ਼ਤੀ ਟੀਮ ਲਈ ਵੱਖ-ਵੱਖ ਭਾਰ ਵਰਗਾਂ ਵਿਚੋਂ ਤਿੰਨ ਬਰਾਊਨਜ਼ ਮੈਡਲ ਜਿੱਤ ਕੇ ਜ਼ਿਲ਼ੇ ਦਾ ਨਾਮ ਰੋਸ਼ਨ ਕੀਤਾ ਹੈ। ਇਹ ਜਾਣਕਾਰੀ ਸ. ਮਲਕੀਅਤ ਸਿੰਘ ਬਾਹੜੋਵਾਲ ਚੇਅਰਮੈਨ ਸ੍ਰੀ ਗੁਰੂ ਹਰਗੋਬਿੰਦ ਸਪੋਰਟਸ ਕਲੱਬ ਬਾਹੜੋਵਾਲ ਨੇ ਸੂਬਾ ਪੱਧਰੀ ਕੁਸ਼ਤੀ ਚੈਪੀਅਨਸ਼ਿੱਪ ਬਰਾਊਨਜ਼ ਮੈਡਲ ਜੇਤੂ ਨੌਜਵਾਨ ਪਹਿਲਵਾਨਾਂ ਦਾ ਸਨਮਾਨ ਕਰਨ ਮੌਕੇ ਦਿੱਤੀ। ਚੇਅਰਮੈਨ ਸ੍ਰੀ



ਮਲਕੀਅਤ ਸਿੰਘ ਬਾਹੜੋਵਾਲ ਨੇ ਜਾਣਕਾਰੀ ਦਿੰਦੇ ਦੱਸਿਆ ਕਿ 48 ਕਿਲੋਗ੍ਰਾਮ ਭਾਰ ਵਰਗ 'ਚ ਦਿਲਸ਼ਾਨ ਸਿੰਘ ਪੁੱਤਰ ਮਾਸਟਰ ਗੁਰਨਾਮ ਰਾਮ-ਬੀਬੀ ਰਾਜਿੰਦਰ ਕੁਮਾਰੀ ਭਰੋਮਜਾਰਾ, 41 ਕਿਲੋਗ੍ਰਾਮ ਭਾਰ ਵਰਗ ਪਹਿਲਵਾਨ ਅਕਾਲਜੋਤ ਕੌਰ ਪੁੱਤਰੀ ਦਿਲਾਵਰ ਸਿੰਘ-ਬੀਬੀ ਸੁਖਵਿੰਦਰ ਕੌਰ ਪਿੰਡ ਚੂਹੜਪੁਰ ਅਤੇ 42 ਕਿਲੋਗ੍ਰਾਮ ਭਾਰ ਵਰਗ ਪਹਿਲਵਾਨ ਹੇਜ਼ਲ ਕੌਰ ਪੁੱਤਰੀ ਪੁੱਤਰ ਮਾਸਟਰ ਗੁਰਨਾਮ ਰਾਮ-ਬੀਬੀ ਰਾਜਿੰਦਰ ਕੁਮਾਰੀ ਭਰੋਮਜਾਰਾ ਨੇ ਬਰਾਊਨ ਮੈਡਲ ਜਿੱਤ ਕੇ ਆਪਣਾ, ਆਪਣੇ ਮਾਪਿਆਂ ਦਾ, ਆਪਣੇ ਕਲੱਬ ਦਾ, ਆਪਣੇ ਅਖਾੜੇ ਅਤੇ ਆਪਣੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਨਾਮ ਰੋਸ਼ਨ ਕੀਤਾ ਹੈ। (ਜ਼ਿਕਰਯੋਗ ਹੈ ਕਿ ਹੇਜ਼ਲ ਕੌਰ ਅਤੇ ਦਿਲਸ਼ਾਨ ਸਿੰਘ ਦੋਵੇਂ ਸਕੇ ਭੈਣ ਭਰਾ ਹਨ)। ਬਾਹੜੋਵਾਲ ਅਖਾੜੇ ਵਿਚ ਨੌਜਵਾਨ ਪਹਿਲਵਾਨਾਂ ਨੂੰ ਵਧਾਈਆਂ ਦੇਣ ਅਤੇ ਹੌਂਸਲਾ ਅਫਜ਼ਾਈ ਕਰਨ ਲਈ ਚੇਅਰਮੈਨ ਸ੍ਰੀ ਮਲਕੀਅਤ ਸਿੰਘ ਬਾਹੜੋਵਾਲ ਸਾਬਕਾ ਚੇਅਰਮੈਨ ਮਾਰਕਫੈੱਡ, ਸ. ਸਰਬਜੀਤ ਸਿੰਘ ਸੱਬਾ ਸਾਬਕਾ ਸਰਪੰਚ ਬਾਹੜੋਵਾਲ, ਕੁਸ਼ਤੀ ਕੋਚ ਸ੍ਰੀ ਬਲਬੀਰ ਬੀਰਾ ਸੌਂਧੀ ਰਾਏਪੁਰ ਡੱਬਾ, ਸ. ਹਰਦੇਵ ਸਿੰਘ ਗਿੱਲ, ਸ. ਰਾਜਵਿੰਦਰ ਸਿੰਘ ਸੈਕਟਰੀ, ਸ. ਹਰਭਜਨ ਸਿੰਘ ਮਾਹਿਲ ਗਹਿਲਾਂ, ਸ. ਗੁਰਦੀਪ ਸਿੰਘ ਤੂਰਾਂ ਅਤੇ ਹੋਰ ਪਤਵੰਤੇ ਸੱਜਣਾਂ ਜੇਤੂ ਪਹਿਲਵਾਨਾਂ ਨੂੰ ਸਨਮਾਨਿਤ ਵੀ ਕੀਤਾ।

# ਮਾਤਰੂ ਵੰਦਨਾ ਯੋਜਨਾ ਤਹਿਤ 2,735 ਲਾਭਪਾਤਰੀਆਂ ਨੂੰ 58,25,000 ਰੁਪਏ ਦੀ ਰਾਸ਼ੀ ਤਕਸੀਮ: ਆਸ਼ਿਕਾ ਜੈਨ

## ਐੱਸ.ਏ.ਐੱਸ. ਨਗਰ ਨੇ ਪੋਸ਼ਣ ਪਖਵਾੜੇ ਵਿੱਚ ਦੂਜਾ ਸਥਾਨ ਕੀਤਾ ਹਾਸਲ

ਮੋਹਾਲੀ (ਰੀਤਿਸ਼ ਕੁਮਾਰ ) ਡਿਪਟੀ ਕਮਿਸ਼ਨਰ ਸ਼੍ਰੀਮਤੀ ਆਸ਼ਕਿਾ ਜੈਨ ਅਨੁਸਾਰ ਪ੍ਰਧਾਨ ਮੰਤਰੀ ਮਾਤਰੂ ਵੰਦਨਾ ਯੋਜਨਾ ਤਹਿਤ ਵਿੱਤੀ ਸਾਲ 2022-23 ਦੌਰਾਨ ਜ਼ਲ੍ਹਿ ਦੇ 2,735 ਲਾਭਪਾਤਰੀਆਂ ਨੂੰ ਜਣੇਪਾ ਲਾਭ ਵਜੋਂ 58,25,000/- ਰੁਪਏ ਦੀ ਰਾਸ਼ੀ ਤਕਸੀਮ ਕੀਤੀ ਗਈ ਹੈ। ਜ਼ਲ੍ਹਿਾ ਵਾਸੀਆਂ ਨੂੰ ਵਖੋ-ਵੱਖ ਲੋਕ ਭਲਾਈ ਸਕੀਮਾਂ ਦੇ ਦਿੱਤੇ ਜਾ ਰਹੇ ਲਾਭਾਂ ਬਾਰੇ ਜਾਣਕਾਰੀ ਦਿੰਦੇ ਹੋਏ ਉਹਨਾਂ ਦੱਸਿਆ ਕਿ ਇਸ ਦੇ ਨਾਲ ਨਾਲ ਜ਼ਲ੍ਹਿ ਦੇ ਕੁੱਲ 37,210 ਲਾਭਪਾਤਰੀਆਂ, ਇਹਨਾਂ ਵਿਚ 29,644 ਲਾਭਪਾਤਰੀ 6 ਮਹੀਨੇ ਤੋਂ 6 ਸਾਲ ਦੇ ਬੱਚੇ ਅਤੇ 7,566 ਗਰਭਵਤੀ ਤੇ ਨਰਸਿੰਗ ਮਾਵਾਂ ਸਨ, ਨੂੰ ਆਂਗਣਵਾੜੀ ਸੈਂਟਰਾਂ ਰਾਹੀਂ ਕਣਕ, ਬੇਸਣ, ਸੋਇਆ-ਨਿਉਟ੍ਰੀ, ਪੰਜੀਰੀ, ਸੁੱਕਾ ਦੁੱਧ, ਚੌਲ, ਖੰਡ, ਲੂਣ, ਮੂੰਗਦਾਲ ਅਤੇ ਸੋਇਆ ਆਟਾ ਸਪਲੀਮੈਂਟਰੀ ਨਿਊਟਰੀਸ਼ਨ ਦਿੱਤਾ ਗਿਆ ਹੈ। ਪੋਸ਼ਣ ਅਭਿਆਨ ਦੀ ਸਫਲਤਾ ਦਾ ਜ਼ਕਿਰ ਕਰਦਿਆਂ ਉਹਨਾਂ ਦੱਸਿਆ ਕਿ ਜ਼ਲ੍ਹਿਾ ਐਸ.ਏ.ਐਸ.ਨਗਰ ਨੇ 1 ਤੋਂ 30 ਸਤੰਬਰ 2022 ਤੱਕ ਮਨਾਏ ਗਏ ਪੋਸ਼ਣ ਮਾਹ ਵਿੱਚ ਚੌਥਾ ਸਥਾਨ ਅਤੇ 20 ਮਾਰਚ ਤੋਂ 3 ਅਪ੍ਰੈਲ, 2023 ਤੱਕ ਮਨਾਏ ਗਏ ਪੋਸ਼ਣ ਪਖਵਾੜੇ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਜਿਸ ਤੋਂ ਜ਼ਲ੍ਹਿ ਵਿਚ ਇਸ ਮੁਹਿੰਮ





ਦੀ ਸਫਲਤਾ ਦਾ ਪ੍ਰਗਟਾਵਾ ਹੁੰਦਾ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੋਸ਼ਣ ਅਭਿਆਨ ਤਹਿਤ ਜ਼ਲ੍ਹਿ ਅਧੀਨ ਚੱਲ ਰਹੇ 647 ਆਂਗਣਵਾੜੀ ਸੈਂਟਰਾਂ ਵਿੱਚ ਹਰ ਮਹੀਨੇ ਕਮਿਊਨਟੀ ਆਧਾਰਤ ਸਮਾਗਮਾਂ ਦੌਰਾਨ ਵੱਖ-ਵੱਖ ਗਤੀਵਿਧੀਆਂ ਰਾਹੀਂ 0-6 ਸਾਲ ਦੇ ਬੱਚਿਆਂ, ਗਰਭਵਤੀ ਅਤੇ ਦੁੱਧ ਚੁੰਘਾਉਣ ਵਾਲੀਆਂ ਮਾਵਾਂ, ਕਿਸ਼ੋਰ ਲੜਕੀਆਂ ਆਦਿ ਲਾਭਪਾਤਰੀਆਂ ਦੀ ਪੋਸ਼ਣ ਦੀ ਸਥਿਤੀ ਵਿੱਚ ਸੁਧਾਰ ਕਰਨ ਲਈ ਖੇਤਰੀ ਭੋਜਨ/ਘੱਟ ਲਾਗਤ ਵਾਲੇ ਪਕਵਾਨਾਂ, ਨਿੱਜੀ ਸਫਾਈ, ਕਿਚਨ ਗਾਰਡਨ, ਗਰੋਥ ਮੋਨੀਟਰਿੰਗ ਆਦਿ ਬਾਰੇ ਜਾਗਰੂਕ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਅਨੀਮੀਆ ਦੀ ਵੱਧ ਰਹੀ ਸਮੱਸਿਆ ਬਾਰੇ ਜਾਗਰੂਕਤਾ ਫੈਲਾਉਣ ਲਈ ਪੋਸ਼ਣ ਅਭਿਆਨ ਤਹਿਤ ਅਨੀਮੀਆ ਸਬੰਧੀ ਦਿਵਸ ਮਨਾਇਆ ਜਾਂਦਾ ਹੈ।

# ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਆਰ.ਟੀ.ਏ. ਲੁਧਿਆਣਾ ਅਤੇ ਐਸ.ਡੀ.ਐਮ. ਜਗਰਾਓਂ ਵਲੋਂ ਸਕੂਲੀ ਵਾਹਨਾਂ ਦੀ ਚੈਕਿੰਗ

## 2 ਬੱਸਾਂ ਕੀਤੀਆਂ ਬੰਦ, 14 ਹੋਰ ਵਾਹਨਾਂ ਦੇ ਵੀ ਕੀਤੇ ਚਲਾਨ

ਲੁਧਿਆਣਾ (ਸੁਖਚੈਨ ਮਹਿਰਾ,ਵਰਿੰਦਰ ਪ੍ਰਕਾਸ਼ ਭਾਂਬਰੀ) – ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਟਰਾਂਸਪੋਰਟ ਵਿਭਾਗ ਦੀ ਆਰ.ਟੀ.ਏ. ਡਾ. ਪੂਨਮ ਪ੍ਰੀਤ ਕੌਰ ਅਤੇ ਐਸ.ਡੀ.ਐਮ.ਜਗਰਾਓਂ ਗੁਰਬੀਰ ਸਿੰਘ ਕੋਹਲੀ ਵਲੋਂ ਸਾਂਝੇ ਤੌਰ 'ਤੇ ਜਗਰਾਉਂ ਦੇ ਵੱਖ-ਵੱਖ ਸਕੂਲਾਂ (ਜੀ.ਐਚ.ਜੀ.ਅਕੈਡਮੀ, ਸਪਰਿੰਗ ਡਿਊ, ਸੈਕਰਡਹਾਰਟਕਾਨਵੈਂਟ ਸਕੂਲ) ਵਿਖੇ ਸੇਫ ਸਕੂਲ ਵਾਹਨ ਸਕੀਮ ਤਹਿਤ ਚੈਕਿੰਗ ਕੀਤੀ। ਆਰ.ਟੀ.ਏ. ਵਲੋਂ ਪ੍ਰੈਸ ਨੋਟ ਰਾਹੀਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਚੈਕਿੰਗ ਦੌਰਾਨ ਸਕੂਲੀ ਵਾਹਨਾਂ ਵਿੱਚ ਕਈ ਖਾਮੀਆਂ



ਪਾਈਆ ਗਈਆਂ ਜਿਸ ਵਿੱਚ ਫਾਇਰ ਐਕਸਟਿੰਗਸ਼ਰ ਦਾ ਨਾ ਹੋਣਾ, ਲੇਡੀ ਅਟੈਂਡੇਟ, ਪ੍ਰੈਸ਼ਰ ਹਾਰਨ, ਫਿਟਨੈਸ, ਪਰਮਿਟ ਦਾ ਨਾ ਹੋਣਾ, ਐਮਰਜੈਂਸੀ ਡੋਰ ਦਾ ਨਾ ਹੋਣਾ ਸ਼ਾਮਲ ਹਨ। ਇਸ ਮੌਕੇ ਉਨ੍ਹਾਂ 14 ਵਾਹਨ ਦੇ ਚਾਲਾਨ ਕੀਤੇ ਜਿਨ੍ਹਾਂ ਵਿੱਚੋਂ 6 ਚਲਾਨ ਜ਼ੀ.ਐਚ.ਜੀ ਅਕੈਡਮੀ, 3 ਚਲਾਨ ਸਪ੍ਰਿੰਗ ਡਿਉ ਸਕੂਲ, 5 ਚਲਾਨ ਸੈਕਰਡ ਹਾਰਟ ਕੌਨਵੈਂਟ ਸਕੂਲ ਅਤੇ 2 ਗੱਡੀਆਂ ਜੀ.ਐਚ.ਜੀ ਅਕੈਡਮੀ ਦੀਆਂ ਧਾਰਾ 207 ਤਹਿਤ ਬੰਦ ਕੀਤੀਆਂ ਗਈਆਂ। ਚੈਕਿੰਗ ਦੌਰਾਨ ਆਰ.ਟੀ.ਏ. ਅਤੇ ਐਸ.ਡੀ.ਐਮ.ਵੱਲੋ ਸਕੂਲ ਦੇ ਪ੍ਰਿੰਸੀਪਲ ਅਤੇ ਅਡਮਿਨਿਸਟ੍ਰੇਸ਼ਨ ਵਿਭਾਗ ਨੂੰ ਸਖਤ ਹਦਾਇਤ ਕੀਤੀ ਗਈ ਕਿ ਜੇਕਰ ਉਨ੍ਹਾਂ ਸੇਫ ਸਕੂਲ ਵਾਹਨ ਸਕੀਮ ਦੇ ਕਾਨੂੰਨਾਂ ਦੀ ਉਲੰਘਣਾ ਕੀਤੀ ਤਾਂ ਉਹਨਾਂ ਖਿਲਾਫ ਸਖ਼ਤ ਕਾਰਵਾਈ ਹੋਵੇਗੀ। ਬੱਚਿਆਂ ਦੀ ਜਿੰਦਗੀ ਨਾਲ ਕੋਈ ਖਿਲਵਾੜ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਲਈ ਉਹਨਾਂ ਨੂੰ ਸਕੂਲੀ ਵਾਹਨਾਂ ਵਿੱਚ ਸੇਫਟੀ ਨਾਰਮਜ਼ ਪੂਰੇ ਰੱਖਣ ਲਈ ਵੀ ਚੇਤਾਵਨੀ ਦਿੱਤੀ ਗਈ।

# ਮੋਹਾਲੀ ਪੁਲਿਸ ਦੀ ਵੱਡੀ ਕਾਮਯਾਬੀ, ਨੌਜਵਾਨ ਦਾ ਕਤਲ ਕਰਕੇ ਗੱਡੀ ਖੋਹ ਕਰਨ ਵਾਲੇ ਗ੍ਰਿਫਤਾਰ

ਮੋਹਾਲੀ, ਰੀਤਿਸ਼ ਕੁਮਾਰ ) ਮਾਨਯੋਗ ਸੀਨੀਅਰ ਕਪਤਾਨ ਪੁਲਿਸ ਜਿਲ੍ਹਾ ਐਸ.ਏ.ਐਸ ਨਗਰ, ਸ੍ਰੀ ਸੰਦੀਪ ਵਰਗ ਆਈ ਪੀ ਐਸ ਜੀ ਦੇ ਦਿਸ਼ਾ ਨਿਰਦੇਸ਼ ਅਨੁਸਾਰ, ਸ੍ਰੀ ਅਕਾਸ਼ਦੀਪ ਸਿੰਘ ਔਲਖ ਕਪਤਾਨ ਪੁਲਿਸ ਸ਼ਹਿਰੀ ਜਿਲ੍ਹਾ ਐਸ ਏ ਐਸ ਨਗਰ, ਸ੍ਰੀ ਹਰਿੰਦਰ ਸਿੰਘ ਮਾਨ ਪੀ.ਪੀ.ਐਸ. ਕਪਤਾਨ ਪੁਲਿਸ ਸਬ ਡਵੀਜਨ ਸ਼ਹਿਰੀ-1 ਜਿਲ੍ਹਾ ਐਸ ਏ ਐਸ ਨਗਰ ਦੀ ਅਗਵਾਈ ਹੇਠ ਇੰਸਪੈਕਟਰ ਗੱਬਰ ਸਿੰਘ ਮੁੱਖ ਅਫਸਰ ਥਾਣਾ ਮਟੌਰ ਮੋਹਾਲੀ ਵਲੋਂ ਨੌਜਵਾਨ ਦਾ ਕਤਲ ਕਰ ਗੱਡੀਆਂ ਖੋਹ ਕਰਨ ਵਾਲੇ ਦਸ਼ੀਆਂ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਪ੍ਰਾਪਤ ਕੀਤਾ ਹੈ। ਮੁੱਖ ਅਫਸਰ ਥਾਣਾ ਮਟੌਰ ਨੂੰ ਮਿਤੀ 10-05-2023 ਨੂੰ ਦਿਆਨੰਦ ਸ਼ਰਮਾਂ ਉਰਫ ਸੋਨੂੰ ਪੁੱਤਰ ਲੇਟ ਸ੍ਰੀ ਰਾਮ ਸਰੂਪ ਵਾਸੀ ਮਕਾਨ ਨੰਬਰ 480 ਫੇਸ 7 ਮੋਹਾਲੀ ਦੇ ਬਿਨ੍ਹਾ ਦੱਸੇ ਘਰ ਤੋਂ ਚਲੇ ਜਾਣ ਬਾਰੇ ਸੂਚਨਾ ਮਿਲੀ ਸੀ। ਜੋ ਸੂਚਨਾ ਮਿਲਣ ਤੇ ਮੁਕੱਦਮਾ ਨੰਬਰ 63 ਮਿਤੀ 10-05-2017 ਅ/ਧ 346 ਆਈ ਪਾਸੀ, ਵਾਧਾ ਜੁਰਮ 102, 34 ਆਈ.ਪੀ.ਸੀ ਥਾਣਾ ਮਟੌਰ ਦਰਜ ਕਰਕੇ ਤਫਤੀਸ਼ ਸ਼ੁਰੂ ਕੀਤੀ ਗਈ। ਜਿਸਦੀ ਭਾਲ ਕਰਨ ਲਈ ਇੰਸਪੈਕਟਰ ਗੱਬਰ ਸਿੰਘ ਮੁੱਖ ਅਫਸਰ ਥਾਣਾ ਮਟਰ, ਸ:ਥ ਦਵਿੰਦਰ ਸਿੰਘ ਸਮੇਤ ਪੁਲਿਸ



ਕਰਮਚਾਰੀਆਂ ਦੇ ਟੀਮ ਬਣਾ ਕੇ ਪਹਿਲੇ ਦਿਨ ਤੋਂ ਹੀ ਦਿਆਨੰਦ ਸ਼ਰਮਾਂ ਉਰਫ ਸੋਨੂੰ ਦੀ ਭਾਲ ਲਈ ਟੀਮਾ ਤਿਆਰ ਕੀਤੀਆ ਗਈ। ਦੋਰਾਨੇ ਤਰਤੀਸ ਸੀਸੀ ਟੀ ਵੀ ਵਜ, ਮੋਬਾਇਲ ਡਾਟਾ ਅਤੇ ਹਿਊਮਨ ਇੰਟੈਲੀਜੈਂਸ ਦੀ ਮਦਦ ਨਾਲ ਦੋਸ਼ੀਆਂ ਨੂੰ ਟਰੇਸ ਕਰਕੇ ਕਾਬੂ ਕੀਤਾ ਗਿਆ, ਖੋਹ ਕੀਤੀ ਗੱਡੀ ਬਰਾਮਦੀ ਕੀਤੀ ਗਈ ਅਤੇ ਦੋਸ਼ੀਆਂ ਵਲੋਂ ਬੇਰਹਮੀ ਨਾਲ ਦਿਆਨੰਦ ਸ਼ਰਮਾ ਉਰਫ ਸੋਨੂ ਦੀ ਕਤਲ ਕੀਤੀ ਲਾਸ਼ ਬਾਅਦ ਵਿਚ ਬਰਾਮਦ ਕੀਤੀ ਗਈ। ਉਹਨ੍ਹਾਂ ਨੇ ਦਸਿਆ ਕਿ ਦੋਸ਼ੀ ਰੇਸ਼ਮ ਸਿੰਘ ਪੁੱਤਰ ਨਾਇਬ ਸਿੰਘ ਵਾਸੀ ਪਿੰਡ ਗਿਆਨਾ ਸਾਬੋ ਕੀ ਤਲਵੰਡੀ ਜਿਲ੍ਹਾ ਬਠਿੰਡਾ ਅਤੇ ਪੰਜਾਬਦੀਪ ਸਿੰਘ ਪੁੱਤਰ ਹਰਮੀਤ ਸਿੰਘ ਵਾਸੀ ਪਿੰਡ ਸਾਹਨਵਾਲਾ ਥਾਣਾ ਝੁਨੀਰ ਮਾਨਸਾ ਵਲੋਂ ਰਾਤ ਵਕਤ ਇਨ-ਡਰਾਇਵ ਪਰ ਕੈਬ ਬੁੱਕ ਕਰਵਾਈ ਗਈ ਸੀ ਅਤੇ ਕੈਬ ਵਿੱਚ ਬੈਠਦੇ ਹੀ ਮੌਕਾ ਪਾ ਕਰ ਦੋਵਾਂ ਵਲੋਂ ਡਰਾਇਵਰ ਤੇ ਤੇਜਧਾਰ ਹਥਿਆਰ ਨਾਲ ਵਾਰ ਕਰਕੇ ਕਤਲ ਕਰ ਦਿੱਤਾ ਗਿਆ ਅਤੇ ਦਿਆਨੰਦ ਸ਼ਰਮਾਂ ਉਰਫ ਸੋਨੂੰ ਦੀ ਲਾਸ਼ ਨੂੰ ਲੁੱਕ-ਛਿਪਾ ਕਰ ਗੱਡੀ ਨੂੰ ਲੈ ਗਏ ਸੀ। ਅਤੇ ਗਿਰਫਤਾਰ ਦੋਸ਼ੀਆਂ ਕੋਲੋਂ 2 ਮੋਬਾਇਲ ਫੋਨ, ਗੱਡੀ ਮਾਰਕਾ ਸਵਿਫਟ ਬਰਾਮਦ ਕੀਤੇ ਹਨ।.

# 9,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਵਿਜੀਲੈਂਸ ਬਿਊਰੋ ਵੱਲੋਂ ਏ.ਐਸ.ਆਈ. ਗ੍ਰਿਫ਼ਤਾਰ

ਲੁਧਿਆਣਾ (ਸੁਖਚੈਨ ਮਹਿਰਾ) ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦੌਰਾਨ ਥਾਣਾ ਸਮਰਾਲਾ, ਪੁਲਿਸ ਜ਼ਿਲ੍ਹਾ ਖੰਨਾ ਵਿਖੇ ਤਾਇਨਾਤ ਸਹਾਇਕ ਸਬ-ਇੰਸਪੈਕਟਰ (ਏ.ਐਸ.ਆਈ) ਬਲਦੇਵ ਰਾਜ (648/ਖੰਨਾ) ਨੂੰ ਰਿਸ਼ਵਤ ਦੀ ਮੰਗ ਕਰਨ ਅਤੇ ਦੋ ਕਿਸ਼ਤਾਂ ਵਿੱਚ 9,000 ਰੁਪਏ ਲੈਣ ਦੇ ਦੋਸ਼ ਹੇਠ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਰਾਮ ਸਿੰਘ, ਵਾਸੀ ਪਿੰਡ ਭੱਲ ਮਾਜਰਾ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਵੱਲੋਂ ਮੁੱਖ ਮੰਤਰੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ 'ਤੇ ਦਰਜ ਕਰਵਾਈ ਸ਼ਿਕਾਇਤ ਦੀ ਜਾਂਚ ਉਪਰੰਤ ਉਕਤ ਏ.ਐਸ.ਆਈ ਬਲਦੇਵ ਰਾਜ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਹੋਰ ਵੇਰਵੇ ਦਿੰਦਿਆਂ ਉਨ੍ਹਾਂ ਦੱਸਿਆ ਕਿ ਉਕਤ



ਸ਼ਿਕਾਇਤਕਰਤਾ ਨੇ ਆਪਣੀ ਆਨਲਾਈਨ ਸ਼ਿਕਾਇਤ ਵਿੱਚ ਦੋਸ਼ ਲਾਇਆ ਹੈ ਕਿ ਉਕਤ ਪੁਲਿਸ ਮੁਲਾਜ਼ਮ ਉਸਦੀ ਲੜਕੀ ਅਤੇ ਜਵਾਈ ਵਿਰੁੱਧ ਕੋਈ ਪੁਲਿਸ ਮੁਕੱਦਮਾ ਦਰਜ ਨਾ ਕਰਨ ਬਦਲੇ ਰਿਸ਼ਵਤ ਵਜੋਂ ਪਹਿਲਾਂ ਹੀ ਦੋ ਕਿਸ਼ਤਾਂ ਵਿੱਚ 9000 ਰੁਪਏ ਲੈ ਚੁੱਕਾ ਹੈ। ਸ਼ਿਕਾਇਤਕਰਤਾ ਨੇ ਅੱਗੇ ਦੋਸ਼ ਲਾਇਆ ਕਿ ਰਿਸ਼ਵਤ ਲੈਣ ਦੇ ਬਾਵਜੂਦ ਉਕਤ ਪੁਲਿਸ ਮੁਲਾਜ਼ਮ ਨੇ ਉਨ੍ਹਾਂ ਖ਼ਿਲਾਫ਼ ਅਪਰਾਧਿਕ ਕਾਰਵਾਈ ਕੀਤੀ ਹੈ। ਸ਼ਿਕਾਇਤਕਰਤਾ ਨੇ ਰਿਸ਼ਵਤ ਦੀ ਰਕਮ ਦੇਣ ਸਬੰਧੀ ਏਐਸਆਈ ਨਾਲ ਹੋਈ ਸਾਰੀ ਗੱਲਬਾਤ ਰਿਕਾਰਡ ਕਰ ਲਈ ਅਤੇ ਇਹ ਸਬੂਤ ਵਜੋਂ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤੀ। ਬੁਲਾਰੇ ਨੇ ਦੱਸਿਆ ਕਿ ਵਿਜੀਲੈਂਸ ਬਿਊਰੋ ਰੇਂਜ ਲੁਧਿਆਣਾ ਨੇ ਸ਼ਿਕਾਇਤ ਦੀ ਜਾਂਚ ਕੀਤੀ ਅਤੇ ਉਕਤ ਪੁਲਿਸ ਮੁਲਾਜ਼ਮ ਨੂੰ ਸ਼ਿਕਾਇਤਕਰਤਾ ਤੋਂ 9,000 ਰੁਪਏ ਦੀ ਰਿਸ਼ਵਤ ਲੈਣ ਦਾ ਦੋਸ਼ੀ ਪਾਏ ਜਾਣ ਉਪਰੰਤ ਗ੍ਰਿਫ਼ਤਾਰ ਕਰ ਲਿਆ। ਇਸ ਸਬੰਧੀ ਦੋਸ਼ੀ ਪੁਲਿਸ ਮੁਲਾਜ਼ਮ ਖਿਲਾਫ਼ ਵਿਜੀਲੈਂਸ ਬਿਊਰੋ ਥਾਣਾ ਲੁਧਿਆਣਾ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਉਸ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਆਖਿਰ ਅਵਨੀ, ਅੰਬਰ ਨੂੰ ਬਚਾਉਣ ਲਈ ਕੀ ਕਦਮ ਉਠਾਏਗੀ?



ਚੰਡੀਗੜ੍ਹ (ਲੋਕ ਬਾਣੀ) ਸ਼ੋਅ "ਦਿਲਦਾਰੀਆਂ" ਵਿਚ ਹੁਣ ਤੱਕ ਅਸੀਂ ਦੇਖਿਆ ਅਵਨੀ, ਪੁਲਿਸ ਦੇ ਸਾਹਮਣੇ ਅੰਬਰ ਨੂੰ ਬੇਕਸੂਰ ਕਹਿੰਦੀ ਹੈ ਪਰ ਕੋਈ ਵੀ ਉਸਦਾ ਬਿਨਾਂ ਸਬੂਤ ਤੋਂ ਕੋਈ ਯਕੀਨ ਨਹੀਂ ਕਰਦਾ। ਅਵਨੀ ਉਸ ਕੁੜੀ ਨੂੰ ਮਿਲਣ ਜਾਂਦੀ ਹੈ ਜਿਸਨੇ ਅੰਬਰ ਨੂੰ ਫ਼ਰਜ਼ੀ ਕੇਸ ਵਿੱਚ ਜੇਲ੍ਹ ਭੇਜਿਆ ਹੈ। ਸ਼ੋਅ "ਦਿਲਦਾਰੀਆਂ" ਵਿੱਚ ਅੰਬਰ ਇਲਜ਼ਾਮਾਂ ਦੇ ਘੇਰੇ ਵਿੱਚ ਫਸਿਆ ਹੋਇਆ ਹੈ, ਪੁਲਿਸ ਇਸ ਕੇਸ ਦੀ ਪੂਰੀ ਤਰ੍ਹਾਂ ਨਾਲ ਤਹਿਕੀਕਾਤ ਕਰਦੀ ਹੈ। ਦੂਸਰੀ ਤਰਫ, ਅਵਨੀ ਉਸ ਕੁੜੀ ਨੂੰ ਕੇਸ ਵਾਪਿਸ ਲੈਣ ਲਈ ਮਨਾਉਣ ਜਾਂਦੀ ਹੈ ਪਰ ਉਹ ਸਾਫ ਇਨਕਾਰ ਕਰ ਦਿੰਦੀ ਹੈ। ਜਦੋਂ ਅਵਨੀ ਦੀਆਂ ਸਾਰੀਆਂ ਕੋਸ਼ਿਸ਼ਾਂ ਬੇਕਾਰ ਹੋ ਜਾਂਦੀਆਂ ਹਨ, ਤਾਂ ਉਹ ਅੰਬਰ ਨੂੰ ਬਚਾਉਣ ਲਈ ਕਹਾਣੀ ਵਿੱਚ ਇੱਕ ਕਦਮ ਚੁੱਕਦੀ ਹੈ ਜੋ ਕਹਾਣੀ ਦਾ ਰੁਖ ਬਦਲ ਦਿੰਦੀ ਹੈ ਅਤੇ ਉਸਦਾ ਬਿਆਨ ਖ਼ਬਰ ਬਣ ਜਾਂਦਾ ਹੈ। ਕੀ ਅਵਨੀ ਸਾਬਿਤ ਕਰ ਪਾਵੇਗੀ ਅੰਬਰ ਨੂੰ ਬੇਕਸੂਰ? ਕੀ ਅਵਨੀ ਦਾ ਇੱਕ ਬਿਆਨ ਉਸਦੀ ਇੱਜ਼ਤ ਖਰਾਬ ਕਰ ਦੇਵੇਗਾ? ਦੇਖੋ ਅਤੇ ਜਾਣੋ ਅੱਗੇ ਦੀ ਕਹਾਣੀ ਸ਼ੋਅ "ਦਿਲਦਾਰੀਆਂ" ਵਿੱਚ ਸ਼ਾਮ 7:30 ਵਜੇ ਸਿਰਫ ਜ਼ੀ ਪੰਜਾਬੀ ਤੇ।

# ਭਗਤ ਪੂਰਨ ਸਿੰਘ ਇੰਸਟੀਚਿਊਟ ਫਾਰ ਸਪੈਸ਼ਲ ਨੀਡਜ਼ ਮਾਨਾਂਵਾਲਾ ਵੱਲੋਂ 'ਵਰਕਸ਼ਾਪ ਆਨ ਆਟਿਜ਼ਮ' ਦਾ ਆਯੋਜਨ ਕੀਤਾ




ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਅੱਜ ਮਿਤੀ 17 ਮਈ 2023 ਨੂੰ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ ਦੇ ਅਧੀਨ ਚੱਲਦੇ ਭਗਤ ਪੂਰਨ ਸਿੰਘ ਇੰਸਟੀਚਿਊਟ ਫਾਰ ਸਪੈਸ਼ਲ ਨੀਡਜ਼ ਮਾਨਾਂਵਾਲਾ ਵੱਲੋਂ 'ਵਰਕਸ਼ਾਪ ਆਨ ਆਟਿਜ਼ਮ' ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਵਿੱਚ ਜਲੰਧਰ ਤੋਂ ਐਨ.ਜੀ.ਓ. ਸੋਚ ਆਟਿਜ਼ਮ ਸੋਸਾਇਟੀ ਆਫ ਪੰਜਾਬ ਚਲਾ ਰਹੇ ਮਿਸਜ਼ ਅੰਜਲੀ ਦਾਦਾ ਵੱਲੋਂ ਆਟਿਜ਼ਮ ਦੇ ਵਿਸ਼ੇ ਉੱਪਰ ਵਿਦਿਆਰਥੀਆਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਆਟਿਜ਼ਮ ਵਾਲੇ ਬੱਚਿਆਂ ਨੂੰ ਕਿਸੇ ਵੀ ਖੇਤਰ ਵਿੱਚ ਘੱਟ ਨਾ ਮੰਨਿਆ ਜਾਵੇ ਕਿਉਂਕਿ ਇਹਨਾਂ ਬੱਚਿਆਂ ਵਿੱਚ ਵੀ ਬਹੁਤ ਕੁਝ ਕਰ ਗੁਜ਼ਰਨ ਦੀ ਯੋਗਤਾ ਹੁੰਦੀ ਹੈ। ਇਸ ਮੌਕੇ ਡਾ. ਜਗਦੀਪਕ ਸਿੰਘ, ਮੀਤ ਪ੍ਰਧਾਨ ਪਿੰਗਲਵਾੜਾ, ਕਰਨਲ ਦਰਸ਼ਨ ਸਿੰਘ ਬਾਵਾ, ਸੁਨੀਤਾ ਨਈਅਰ, ਦਿਲਬਾਗ ਸਿੰਘ ਕੋਆਰਡੀਨੇਟਰ, ਗੁਲਸ਼ਨ ਰੰਜਨ, ਡਾ. ਅਕਸ਼ੈ ਸ਼ਰਮਾ, ਡਾ. ਸੱਤਿਆ, ਅਮਰਜੋਤ ਕੌਰ, ਪ੍ਰਭਜੋਤ ਕੌਰ, ਅਨੁਰਾਧਾ, ਮਨਦੀਪ ਕੌਰ, ਨਰੇਸ਼ ਕਾਲੀਆ, ਅਨੀਤਾ ਬੱਤਰਾ, ਨਰਿੰਦਰਪਾਲ ਸਿੰਘ ਸੋਹਲ ਅਤੇ ਵੱਖ-ਵੱਖ ਬ੍ਰਾਂਚਾਂ ਅਤੇ ਵਾਰਡਾਂ ਦੇ ਇੰਚਾਰਜ ਹਾਜ਼ਰ ਸਨ। ਇਸ ਮੌਕੇ ਮਿਸਜ਼ ਅੰਜਲੀ ਦਾਦਾ ਨੂੰ ਡਾ: ਜਗਦੀਪਕ ਸਿੰਘ ਅਤੇ ਕਰਨਲ ਦਰਸ਼ਨ ਸਿੰਘ ਬਾਵਾ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਵਰਕਸ਼ਾਪ ਵਿੱਚ ਸਪੈਸ਼ਲ ਨੀਡਜ਼ ਦਾ ਡਿਪਲੋਮਾ ਕਰ ਰਹੀਆਂ ਵਿਦਿਆਰਥਣਾਂ ਅਤੇ ਸ੍ਰੀ ਗੁਰੂ ਰਾਮਦਾਸ ਯੂਨੀਵਰਸਿਟੀ ਹੈਲਥ ਐਂਡ ਸਾਇੰਸਜ਼ ਦੇ ਵਿਦਿਆਰਥੀਆਂ ਨੇ ਵੀ ਭਾਗ ਲਿਆ।

# ਕੀਰਤਨ ਸਮਾਗਮ 'ਚ ਭਾਈ ਤਾਰਬਲਬੀਰ ਸਿੰਘ ਦੇ ਕੀਰਤਨੀ ਜੱਥੇ ਨੇ ਸੰਗਤਾਂ ਨੂੰ ਕੀਤਾ ਨਿਹਾਲ



ਲੁਧਿਆਣਾ ( ਕਰਨੈਲ ਸਿੰਘ ਐੱਮ ਏ ) ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਵਿਖੇ ਬੀਤੀ ਸ਼ਾਮ ਗੁਰ ਦਸ਼ਮੇਸ਼ ਸੇਵਾ ਸੁਸਾਇਟੀ ਵੱਲੋਂ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਨਿੱਘੇ ਸਹਿਯੋਗ ਨਾਲ ਦਸ਼ਮੇਸ਼ ਪਿਤਾ ਸ਼੍ਰੀ ਗੁਰੂ ਗੋਬਿੰਦ ਸਾਹਿਬ ਜੀ ਦੇ ਚਾਰ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਸਮਰਪਿਤ ਹਫਤਾਵਾਰੀ ਕੀਰਤਨ ਸਮਾਗਮ ਆਯੋਜਿਤ ਗਿਆ। ਜਿਸ ਵਿੱਚ ਵਿਸ਼ੇਸ਼ ਤੌਰ ਤੇ ਆਪਣੇ ਕੀਰਤਨੀ ਜਥੇ ਸਮੇਤ ਹਾਜ਼ਰੀ ਭਰਨ ਲਈ ਪੁੱਜੇ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਤਾਰਬਲਬੀਰ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਵਾਲਿਆਂ ਨੇ ਗੁਰਬਾਣੀ ਦਾ ਇਲਾਹੀ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਉਨ੍ਹਾਂ ਨੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਗੁਰ ਦਸ਼ਮੇਸ਼ ਸੇਵਾ ਸੁਸਾਇਟੀ ਵਲੋਂ ਗੁਰਦੁਆਰਾ ਸਾਹਿਬ ਵਿਖੇ ਆਯੋਜਿਤ ਕੀਤੇ ਗਏ ਕੀਰਤਨ ਸਮਾਗਮ ਨੂੰ ਇੱਕ ਉਪਦੇਸ਼ਕ ਸਮਾਗਮ ਦੱਸਦਿਆਂ ਸਮਾਗਮ ਅੰਦਰ ਜੁੜ ਬੈਠੀਆਂ ਸੰਗਤਾਂ ਨੂੰ ਧਰਮ ਦੇ ਮਾਰਗ ਉਪਰ ਚੱਲਣ ,ਬਾਣੀ ਤੇ ਬਾਣੇ ਦੇ ਧਾਰਨੀ ਬਣਨ ਦੀ ਤਾਕੀਦ ਵੀ ਕੀਤੀ। ਕੀਰਤਨ ਸਮਾਗਮ ਅੰਦਰ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ.ਇੰਦਰਜੀਤ ਸਿੰਘ ਮੱਕੜ ,ਗੁਰ ਦਸ਼ਮੇਸ਼ ਸੇਵਾ ਸੁਸਾਇਟੀ ਦੇ ਪ੍ਰਮੁੱਖ ਮੈਂਬਰ ਇੰਦਰਬੀਰ ਸਿੰਘ ਬੱਤਰਾ,ਹਰਪਾਲ ਸਿੰਘ ਬੱਤਰਾ,, ਰਵਿੰਦਰਦਰਪਾਲ ਸਿੰਘ ਡੰਗ, ਗੁਰਦੀਪ ਸਿੰਘ ਡੀਮਾਰਟੇ,ਰਜਿੰਦਰ ਸਿੰਘ ਡੰਗ, ਮਨਜੀਤ ਸਿੰਘ ਨਾਟੀ ,ਗੁਰਬਚਨ ਸਿੰਘ, ਹਰਪਾਲ ਸਿੰਘ ਖਾਲਸਾ,ਹਰਪ੍ਰੀਤ ਸਿੰਘ ਨੀਟਾ, ਸ.ਪ੍ਰੇਮ ਸਿੰਘ ,ਅਵਤਾਰ ਸਿੰਘ ਮਿੱਡਾ , ਦਵਿੰਦਰ ਸਿੰਘ ਬਿੱਟੂ ,ਹਰਚਰਨ ਸਿੰਘ ਕਾਲੜਾ,ਕਵੰਲਪ੍ਰੀਤ ਸਿੰਘ ਸੋਢੀ,ਚਰਨਜੀਤ ਸਿੰਘ ਚੰਨਾ, ਇੰਦਰਜੀਤ ਸਿੰਘ ਛਾਬੜਾ, ਵਿਜੈ ਕੁਮਾਰ ਸੂਦ,ਮਹਿੰਦਰ ਸਿੰਘ ਡੰਗ, ਜਗਜੀਤ ਸਿੰਘ ਆਹੂਜਾ, ਜਗਦੇਵ ਸਿੰਘ ਕਲਸੀ, ,ਬਲਜੀਤ ਸਿੰਘ ਬਾਵਾ ,ਅਵਤਾਰ ਸਿੰਘ ਬੀ.ਕੇ, ਵਿਸ਼ੇਸ਼ ਤੌਰ ਤੇ ਹਾਜਰ ਸਨ ।



publisher/chief Editor
**Aman Mehra**
lok bani (news Paper)
lokbani08@gmail.com
www.lokbani.com
mob:99155-94111

**Head Office:**
Lokbani Sangam complex,Milap chowk jalandhar
Mob. 99155-94111

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਤੇ ਸੰਪਾਦਕ ਅਮਨ ਮੇਹਰਾ ਨੇ 'ਲੋਕ ਬਾਣੀ' ਦਾ ਇਹ ਅੰਕ ਰਚਨਾ ਪ੍ਰਿੰਟਰ, ਰੇਲਵੇ ਰੋਡ ਜਲੰਧਰ (ਪੰਜਾਬ) ਤੋਂ ਛਪਵਾ ਕੇ ਦਫਤਰ 'ਲੋਕ ਬਾਣੀ' ਸੰਗਮ ਕੰਪਲੈਕਸ ਮਿਲਾਪ ਚੌਂਕ ਜਲੰਧਰ (ਪੰਜਾਬ) ਤੋਂ ਪ੍ਰਕਾਸ਼ਤ ਕੀਤਾ।
RNI. PUNPUN/29016/2008

मालिक, प्रकाशक, प्रिंटर व संपादक अमन मेहरा ने लोक बाणी का यह अंक रचना प्रिंटर, रेलवे रोड जलंधर ( पंजाब ) से छपवाकर दफ्तर लोक बाणी संगम कंपलेक्स मिलाप चौक जलंधर ( पंजाब ) से प्रकाशित किया।
RNI. PUNPUN/29016/2008

Editor, printers and publisher Aman Mehra, Printed at Rachna printers, Railwy Road Jalandhar (punjab) Office lokbani, Sangam complex Milap Chowk Jalandhar (punjab)
RNI. PUNPUN/29016/2008

# ਖ਼ਾਲਸਾ ਕਾਲਜ ਵੂਮੈਨ ਦੀਆਂ ਵਿਦਿਆਰਥਣਾਂ ਨੇ 5-5 ਲੱਖ ਦਾ ਨਗਦ ਇਨਾਮ ਹਾਸਲ ਕੀਤਾ



ਅੰਮ੍ਰਿਤਸਰ (ਬਾਠ ) ਖਾਲਸਾ ਕਾਲਜ ਫ਼ਾਰ ਵੂਮੈਨ ਦੀਆਂ ਵਿਦਿਆਰਥਣਾਂ ਵੱਲੋਂ ਗੁਜਰਾਤ ਵਿਖੇ ਕਰਵਾਈਆਂ ਗਈਆਂ ਰਾਸ਼ਟਰੀ ਖੇਡਾਂ ਸਾਫਟਬਾਲ ਚੈਂਪੀਅਨਸ਼ਿਪ 'ਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪਹਿਲਾਂ ਸਥਾਨ ਹਾਸਲ ਕਰਨ 'ਤੇ ਪੰਜਾਬ ਸਰਕਾਰ ਦੁਆਰਾ 5-5 ਲੱਖ ਰੁਪਏ ਦੇ ਨਗਦ ਇਨਾਮ ਨਾਲ ਸਨਮਾਨਿਤ ਕੀਤਾ ਗਿਆ। ਇਸ ਸਬੰਧੀ ਕਾਲਜ ਪ੍ਰਿੰਸੀਪਲ ਡਾ. ਸੁਰਿੰਦਰ ਕੌਰ ਨੇ ਵਿਦਿਆਰਥਣਾਂ ਨੂੰ ਵਧਾਈ ਦਿੰਦਿਆਂ ਦੱਸਿਆ ਕਿ ਕਾਲਜ ਦੀਆਂ ਵਿਦਿਆਰਥਣਾਂ ਸਿਮਰਨਜੀਤ ਕੌਰ ਅਤੇ ਮਨਵੀਰ ਕੌਰ ਨੇ ਨੈਸ਼ਨਲ ਗੇਮ ਸਾਫ਼ਟਬਾਲ ਪ੍ਰਤੀਯੋਗਤਾ 'ਚ ਆਪਣੀ ਕਾਬਲੀਅਤ ਦਾ ਲੋਹਾ ਮਨਵਾਉਂਦਿਆਂ ਪਹਿਲਾਂ ਸਥਾਨ ਹਾਸਲ ਕੀਤਾ। ਜਦ ਕਿ ਕੇਰਲਾ ਨੇ ਦੂਜਾ ਅਤੇ ਛੱਤੀਸਗੜ੍ਹ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਉਨ੍ਹਾਂ ਕਿਹਾ ਕਿ ਇਸ ਮੁਕਾਬਲੇ ਦੌਰਾਨ ਚੋਟੀਆਂ ਦੀਆਂ 8 ਟੀਮਾਂ ਨੇ ਭਾਗ ਲਿਆ। ਇਸ ਮੌਕੇ ਪ੍ਰਿੰ: ਡਾ. ਸੁਰਿੰਦਰ ਕੌਰ ਨੇ ਕਿਹਾ ਕਿ ਉਕਤ ਦੋਹਾਂ ਵਿਦਿਆਰਥਣਾਂ ਦੁਆਰਾ ਸਾਫ਼ਟਬਾਲ ਗੇਮ 'ਚ ਸ਼ਾਨਦਾਰ ਪ੍ਰਦਰਸ਼ਨ ਕਰਨ 'ਤੇ ਪੰਜਾਬ ਸਰਕਾਰ ਵੱਲੋਂ 5,00,000/-ਰੁਪਏ ਦਾ ਨਗਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ ਹੈ। ਇਸ ਮੌਕੇ ਪ੍ਰਿੰ: ਡਾ. ਸੁਰਿੰਦਰ ਕੌਰ ਨੇ ਜੇਤੂਆਂ ਨੂੰ ਉਨ੍ਹਾਂ ਦੀ ਇਸ ਪ੍ਰਾਪਤੀ ਅਤੇ ਕਾਲਜ ਦਾ ਨਾਮ ਰੌਸ਼ਨ ਕਰਨ ਲਈ ਵਧਾਈ ਦਿੰਦਿਆਂ ਸੁਨਿਹਰੇ ਭਵਿੱਖ ਦੀ ਕਾਮਨਾ ਕੀਤੀ।

# ਪੰਜਾਬ ਸਰਕਾਰ ਸੂਬੇ ਦੇ ਆਮ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਦੇਣ ਲਈ ਬਚਨਬੱਧ

- ਹਰਜੋਤ ਬੈਂਸ ਕੈਬਨਿਟ ਮੰਤਰੀ ਨਿਰੰਤਰ ਹਲਕੇ ਦੇ ਸਰਕਾਰੀ ਸਿਹਤ ਕੇਂਦਰਾਂ ਦੀ ਕਾਰਗੁਜਾਰੀ ਦੀ ਕਰ ਰਹੇ ਹਨ ਮੋਨੀਟਰਿੰਗ ।
- ਮੁੱਢਲਾ ਸਿਹਤ ਕੇਂਦਰ ਵਿਖੇ ਵਿਸ਼ਵ ਹਾਈਪਰਟੈਂਨਸ਼ਨ ਦਿਵਸ ਤੇ ਕਰਵਾਇਆ ਸੈਮੀਨਾਰ ਗਿਆ ।

ਕੀਰਤਪੁਰ ਸਾਹਿਬ (ਜੋਗਿੰਦਰ ਰਾਣਾ ,ਰਾਜਿੰਦਰ ਧੀਮਾਨ) ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਕਾਰੀ ਸਿਹਤ ਕੇਂਦਰਾਂ ਰਾਹੀ ਆਮ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਦੇਣ ਲਈ ਉਪਰਾਲੇ ਕੀਤੇ ਜਾ ਰਹੇ ਹਨ। ਕੈਬਨਿਟ ਮੰਤਰੀ ਹਰਜੋਤ ਬੈਂਸ ਵੱਲੋਂ ਆਪਣੇ ਵਿਧਾਨ ਸਭਾ ਹਲਕੇ ਸ੍ਰੀ ਅਨੰਦਪੁਰ ਸਾਹਿਬ ਦੇ ਸਾਰੇ ਸਰਕਾਰੀ ਸਿਹਤ ਕੇਂਦਰਾਂ ਦੀ ਕਾਰਗੁਜਾਰੀ ਦੀ ਨਿਰੰਤਰ ਮੋਨੀਟਰਿੰਗ ਕੀਤੀ ਜਾ ਰਹੀ ਹੈ ਤਾਂ ਕਿ ਆਮ ਲੋਕਾਂ ਨੂੰ ਸਿਹਤ ਸਹੂਲਤਾਂ ਨਿਰਵਿਘਨ ਤੇ ਸਮੇਂ ਸਿਰ ਉਪਲੱਬਧ ਹੋਣ। ਅੱਜ ਆਮ ਲੋਕਾਂ ਨੂੰ ਸਿਹਤ ਸਹੂਲਤਾਂ ਉਪਲੱਬਧ ਕਰਵਾਉਣ ਤੇ ਜਾਗਰੂਕ ਕਰਨ ਲਈ ਸਿਹਤ ਵਿਭਾਗ ਵੱਲੋਂ ਮੁੱਢਲਾ ਸਿਹਤ ਕੇਂਦਰ ਕੀਰਤਪੁਰ ਸਾਹਿਬ ਵਿਖੇ ਸਿਵਲ ਸਰਜਨ ਡਾ.ਪਰਮਿੰਦਰ ਕੁਮਾਰ ਦੇ ਦਿਸ਼ਾ ਨਿਰਦੇਸ਼ਾ ਹੇਠ ਵਿਸ਼ਵ ਹਾਈਪਰਟੈਂਨਸ਼ਨ ਦਿਵਸ ਤੇ ਵਿਸ਼ੇਸ ਸੈਮੀਨਾਰ ਕਰਵਾਇਆ ਗਿਆ। ਸੀਨੀਅਰ ਮੈਡੀਕਲ ਅਫਸਰ ਡਾ.ਦਲਜੀਤ ਕੌਰ ਦੀ ਅਗਵਾਈ ਵਿੱਚ ਮਨਾਏ ਗਏ ਵਿਸ਼ਵ ਹਾਈਪਰਟੈਨਸ਼ਨ ਦਿਵਸ ਦੀ ਮਹੱਤਤਾ ਬਾਰੇ ਦੱਸਿਆ ਕਿ ਅੱਜ ਦੇ ਸਮੇਂ ਹਰ ਘਰ ਵਿੱਚ ਇੱਕ ਜਾਂ ਦੋ ਵਿਅਕਤੀ ਬਲੱਡ ਪ੍ਰੈਸ਼ਰ ਦੀ ਬਿਮਾਰੀ ਨਾਲ ਜੂਝ ਰਹੇ ਹਨ, ਭਾਵੇਂ ਇਸ ਦੇ ਕਈ ਸੰਭਾਵੀ ਕਾਰਨ ਹਨ ਪਰ ਸਾਡੀਆਂ ਖਾਣ-



ਪੀਣ ਦੀਆਂ ਗਲਤ ਆਦਤਾਂ ਅਤੇ ਸ਼ਰੀਰਕ ਕਸਰਤ ਦਾ ਘੱਟ ਹੋਣਾ ਵੀ ਇਸ ਸਮੱਸਿਆ ਨੂੰ ਕਾਫੀ ਹੱਦ ਤੱਕ ਵਧਾਉਂਦਾ ਹੈ।

ਉਹਨਾਂ ਕਿਹਾ ਕਿ ਅਸੀਂ ਆਪਣੇ ਘਰ ਦਾ ਬਣਿਆ ਖਾਣਾ ਛੱਡ ਕੇ ਬਾਹਰ ਦਾ ਖਾਣਾ ਖਾਣਾ ਸ਼ੁਰੂ ਕਰ ਦਿੱਤਾ ਹੈ ਜੋ ਕਿ ਸਾਡੀ ਸਿਹਤ ਲਈ ਬਹੁਤ ਹੀ ਹਾਨੀਕਾਰਕ ਹੈ, ਜੰਕ ਫੂਡ ਪਾਚਣ ਸ਼ਕਤੀ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਭਾਰ ਵਧਾਉਂਦੇ ਹਨ, ਸਾਨੂੰ ਆਪਣੇ ਸਰੀਰਕ ਭਾਰ ਨੂੰ ਕਾਬੂ ਵਿੱਚ ਰੱਖਣਾ ਚਾਹੀਦਾ ਹੈ, ਨਮਕ ਅਤੇ ਸ਼ੱਕਰ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ, ਤਲੀਆਂ ਚੀਜ਼ਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ, ਫਾਸਟ ਫੂਡ ਤੋਂ ਬਚਣਾ ਚਾਹੀਦਾ ਹੈ, ਸਿਗਰੇਟ ਅਤੇ ਸ਼ਰਾਬ ਦੀ ਵਰਤੋਂ ਨਹੀਂ ਕਰਨੀ ਚਾਹੀਦੀ, ਦਵਾਈਆਂ ਆਪਣੀ ਮਰਜੀ ਨਾਲ ਨਹੀਂ ਖਾਣੀਆਂ ਚਾਹੀਦੀਆਂ, ਇਸ ਤੋਂ ਇਲਾਵਾ ਬਲੱਡ ਪ੍ਰੈਸ਼ਰ ਸਬੰਧੀ ਡਾਕਟਰੀ ਸਲਾਹ ਅਤੇ ਇਲਾਜ ਪ੍ਰਤੀ ਅਣਗਹਿਲੀ ਨਾ ਵਰਤੋ, ਅੰਧ ਵਿਸ਼ਵਾਸ ਅਤੇ ਨੀਮ ਹਕੀਮਾਂ ਦੇ ਇਲਾਜ਼ ਤੋਂ ਬਚਣਾ ਚਾਹੀਦਾ ਹੈ।

ਇਸ ਮੌਕੇ ਮੈਡੀਕਲ ਅਫਸਰ ਡਾ.ਅਨੂੰ ਸ਼ਰਮਾ ਨੇ ਕਿਹਾ ਕਿ 30 ਤੋਂ 40 ਮਿੰਟ ਸੈਰ ਕਰਨੀ ਚਾਹੀਦੀ ਹੈ ਅਤੇ ਯੋਗਾ ਅਤੇ ਧਿਆਨ ਕਰਕੇ ਮਾਨਸਿਕ ਤਣਾਓ ਨੂੰ ਘੱਟ ਕਰਨਾ ਚਾਹੀਦਾ ਹੈ। ਨਰਸਿੰਗ ਅਫਸਰ ਰਮਨਦੀਪ ਕੌਰ ਨੇ ਦੱਸਿਆ ਕਿ ਸਿਹਤ ਵਿਭਾਗ ਵਲੋਂ ਇੰਡੀਅਨ ਹਾਈਪਰਟੈਂਨਸ਼ਨ ਕੰਟ੍ਰੋਲ ਇਨਿਸ਼ੀਏਟਿਵ ਪ੍ਰੋਗਰਾਮ ਤਹਿਤ ਮਰੀਜਾਂ ਨੂੰ ਆਨਲਾਈਨ ਰਜਿਸਟਰ ਕੀਤਾ ਜਾਂਦਾ ਹੈ ਅਤੇ ਦਵਾਈ ਬਿਲਕੁਲ ਮੁਫਤ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਮਰੀਜ਼ ਦੇ ਆਨਲਾਈਨ ਹੋਣ ਨਾਲ਼ ਉਹ ਜਦੋਂ ਦੁਬਾਰਾ ਕਿਸੀ ਵੀ ਸੰਸਥਾ ਤੋਂ ਦਵਾਈ ਲੈਂਦਾ ਹੈ ਤਾ ਆਈ.ਐਚ.ਆਈ.ਪੀ. ਦੀ ਐਪ ਤੋਂ ਮਰੀਜ ਨੂੰ ਜਾਰੀ ਕੀਤੀ ਯੁਨੀਕ ਆਈ.ਡੀ ਨਾਲ ਉਸ ਦੀ ਬਿਮਾਰੀ ਸਬੰਧੀ ਸਾਰਾ ਵੇਰਵਾ ਮਿਲ ਜਾਂਦਾ ਹੈ, ਜਿਸ ਨਾਲ ਉਸ ਮਰੀਜ ਦੇ ਇਲਾਜ਼ ਵਿੱਚ ਅਸਾਨੀ ਹੋ ਜਾਂਦੀ ਹੈ। ਇਸ ਮੌਕੇ ਡਾ.ਜੰਗਜੀਤ ਸਿੰਘ ਮੈਡੀਕਲ ਅਫਸਰ, ਹੈਲਥ ਇੰਸਪੈਕਟਰ ਬਲਵੰਤ ਰਾਏ, ਸੁਨੀਤਾ ਦੇਵੀ ਹੈਲਥ ਸੁਪਰਵਾਈਜ਼ਰ, ਭਰਤ ਕਪੂਰ, ਬਲਜੀਤ ਸਿੰਘ, ਬਲਜਿੰਦਰ ਕੌਰ, ਦਲਬੀਰ ਕੌਰ, ਮਨਪ੍ਰੀਤ ਕੌਰ, ਜੋਤੀ ਦੇਵੀ, ਕੁਲਵਿੰਦਰ ਸਿੰਘ, ਗੁਰਦੀਪ ਕੌਰ, ਜਸਵੰਤ ਸਿੰਘ, ਸੁਨੀਤਾ ਆਸ਼ਾ ਵਰਕਰ, ਰਿੰਪੀ ਆਦਿ ਹਾਜ਼ਰ ਸਨ।

## ਸਰਪੰਚ ਹਰਮਿੰਦਰ ਸਿੰਘ ਨੂੰ ਲੱਗਿਆ ਗਹਿਰਾ ਸਦਮਾ

### ਮਾਤਾ ਕਰ ਗਈ ਅਕਾਲ ਚਲਾਣਾ



ਸ੍ਰੀ ਅਨੰਦਪੁਰ ਸਾਹਿਬ (ਜੋਗਿੰਦਰ ਰਾਣਾ , ਰਾਜਿੰਦਰ ਧੀਮਾਨ) ਸਰਪੰਚ ਤੇ ਸਮਾਜ ਸੇਵੀ ਹਰਮਿੰਦਰ ਸਿੰਘ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ ਜਦੋਂ ਉਨ੍ਹਾਂ ਦੀ ਮਾਤਾ ਨਰਿੰਜਨ ਕੌਰ 68 ਪਤਨੀ ਲੇਟ ਸੂਬੇਦਾਰ ਗੁਰਮੀਤ ਸਿੰਘ ਨੰਬਰਦਾਰ ਵਾਸੀ ਲਮਲੈਹੜੀ ਦੀ ਮੌਤ ਹੋ ਗਈ। ਉਹ ਸੂਗਰ ਦੀ ਬਿਮਾਰੀ ਤੋਂ ਪੀੜਤ ਸਨ। ਬੀਤੇ ਕੱਲ੍ਹ ਸਵੇਰੇ ਹਾਰਟ ਅਟੈਕ ਆ ਜਾਣ ਕਾਰਨ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਈ। ਉਨ੍ਹਾਂ ਦਾ ਅੰਤਿਮ ਦਾਹ ਸੰਸਕਾਰ ਪਿੰਡ ਦੇ ਸ਼ਮਸ਼ਾਨਘਾਟ ਵਿਚ ਕਰ ਦਿੱਤਾ ਗਿਆ। ਉਹ ਆਪਣੇ ਪਿੱਛੇ ਪੁੱਤਰ,ਚਾਰ ਧੀਆਂ ਸਮੇਤ ਹੱਸਦਾ ਵੱਸਦਾ ਵੱਡਾ ਪਰਿਵਾਰ ਛੱਡ ਗਈ।

ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਵੱਖ ਵੱਖ ਆਗੂਆਂ,ਸਮਾਜ ਸੇਵੀ ਲੋਕਾਂ ਵੱਲੋਂ ਕੀਤਾ ਗਿਆ। ਇਸ ਮੌਕੇ ਤੇ ਸੀ ਪੀ ਆਈ ਐਮ ਦੇ ਜਲ੍ਹਿਾ ਸਕੱਤਰ ਕਾਮਰੇਡ ਸੁਰਜੀਤ ਸਿੰਘ ਢੇਰ, ਪ੍ਰਧਾਨ ਪ੍ਰੇਮ ਸਿੰਘ ਅਟਵਾਲ,ਪੰਚ ਗੁਰਦਿਆਲ ਸਿੰਘ ਅਟਵਾਲ, ਨੰਬਰਦਾਰ ਮਹਿੰਦਰ ਸਿੰਘ ਖ਼ਾਨਪੁਰ,ਸੁਖਵਿੰਦਰ ਸਿੰਘ,ਪਰਮਜੀਤ ਸਿੰਘ, ਸਰਬਜੀਤ ਸਿੰਘ, ਦੀਦਾਰ ਸਿੰਘ, ਕੇਸਰ ਸਿੰਘ, ਸੁਰਜੀਤ ਸਿੰਘ, ਸੀਤਲ ਸਿੰਘ, ਤਲਵਿੰਦਰ ਸਿੰਘ ਸ਼ਾਹਪੁਰ,ਜਸਪਾਲ ਸਿੰਘ ਨੰਬਰਦਾਰ, ਦਲਜੀਤ ਸਿੰਘ, ਦੇਵ ਸਿੰਘ, ਰਤਨ ਚੰਦ ਸਾਬਕਾ ਸਰਪੰਚ, ਨਰੋਤਮ ਚੰਦ ਸਾਬਕਾ ਸਰਪੰਚ, ਨਰਿੰਦਰ ਚੌਧਰੀ, ਓਮ ਪਰਕਾਸ਼, ਮੁਕੇਸ਼ ਕੁਮਾਰ, ਕਰਨਵੀਰ ਕਨੂੰ, ਦਵਿੰਦਰ ਸਿੰਘ, ਨਰਿੰਜਣ ਸਿੰਘ ਅਟਵਾਲ ਨੇ ਹਰਮਿੰਦਰ ਸਿੰਘ ਤੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

## ਰਣਜੀਤ ਬਾਗ਼ ਅਧੀਨ ਸਮੂਹ ਸਿਹਤ ਅਤੇ ਤੰਦਰੁਸਤੀ ਕੇਂਦਰਾਂ ਚ ਵਿਸ਼ਵ ਹਾਈਪਰਟੈਨਸ਼ਨ ਦਿਵਸ ਮਨਾਇਆ ਗਿਆ

ਦੋਰਾਂਗਲਾ (ਰਾਕੇਸ਼ ਜੀਵਨ ਚੱਕ) ਸਿਵਲ ਸਰਜਨ ਗੁਰਦਾਸਪੁਰ ਡਾ ਹਰਭਜਨ ਰਾਮ ਮਾਂਡੀ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ ਅਨੀਤਾ ਗੁਪਤਾ ਦੀ ਅਗਵਾਈ ਹੇਠ ਪੀ ਐਚ ਸੀ ਰਣਜੀਤ ਬਾਗ਼ ਅਤੇ ਹੈਲਥ ਬਲਾਕ ਰਣਜੀਤ ਬਾਗ਼ ਅਧੀਨ ਸਾਰੇ ਸਿਹਤ ਅਤੇ ਤੰਦਰੁਸਤੀ ਕੇਂਦਰ ਵਿਖੇ ਵਿਸ਼ਵ ਹਾਈਪਰਟੈਨਸ਼ਨ ਦਿਵਸ ਮਨਾਇਆ ਗਿਆ। ਇਸ ਮੌਕੇ ਜਾਣਕਾਰੀ ਦਿੰਦਆ ਡਾ ਸ਼ਿਲਪਾ ਨੇ ਕਿਹਾ ਕਿ ਹਰ ਸਾਲ 17 ਮਈ ਨੂੰ ਵਿਸ਼ਵ ਹਾਈਪਰਟੈਂਸ਼ਨ ਦਿਵਸ ਮਨਾਇਆ ਜਾਂਦਾ ਹੈ ਤੇ ਸਿਹਤ ਵਿਭਾਗ ਵੱਲੋਂ ਨੈਸ਼ਨਲ ਪ੍ਰੋਗਰਾਮ ਫਾਰ ਪ੍ਰਵੈਂਸ਼ਨ ਐਂਡ ਕੰਟਰੋਲ ਆਫ ਨਾਨ-ਕਮਊਨੀਕੇਬਲ ਡਸੀਜ਼ਜ ਜਿਸ ਨੂੰ ਗੈਰਸੰਚਾਰੀ ਰੋਗ ਕਿਹਾ ਜਾਂਦਾ ਹੈ । ਇਸ ਅਧੀਨ ਪਹਿਲਾਂ ਤੋਂ ਹੀ ਹਾਈਪਰਟੈਂਸ਼ਨ, ਸ਼ੂਗਰ ਦੀ ਬੀਮਾਰੀ ਅਤੇ ਕੈਂਸਰ ਸਬੰਧੀ ਪਹਿਲਾ ਤੋਂ ਹੀ ਜਾਗਰੂਕ ਕੀਤਾ ਜਾ ਰਿਹਾ ਹੈ । ਇਸ ਮੌਕੇ ਬੀ ਈ ਈ ਸੰਦੀਪ ਕੌਰ ਨੇ ਲੋਕਾਂ ਨੂੰ ਦੱਸਿਆ ਕਿ ਹਾਈਪਰਟੈਨਸ਼ਨ ਕਈ ਤਰ੍ਹਾਂ ਦੀਆਂ ਸਿਹਤ ਸਮੱਸਿਆਵਾਂ ਦਾ ਮੁੱਖ ਕਾਰਨ ਹੈ ਜਿਵੇਂ ਕਿ ਸਟ੍ਰੋਕ, ਦਿਲ ਦੇ ਦੌਰੇ ਅਤੇ ਗੁਰਦੇ ਦੀ ਬਿਮਾਰੀ, ਅਤੇ ਇਹ ਡਿਮੇਨਸ਼ੀਆ (ਦਿਮਾਗੀ ਕਮਜ਼ੋਰੀ)



ਵਿੱਚ ਵੀ ਯੋਗਦਾਨ ਪਾ ਸਕਦੀ ਹੈ, ਬਹੁਤ ਸਾਰੇ ਲੋਕ ਜੋ ਹਾਈਪਰਟੈਨਸ਼ਨ ਤੋਂ ਪੀੜਤ ਹੁੰਦੇ ਹਨ, ਉਹਨਾਂ ਨੂੰ ਇਹ ਪਤਾ ਨਹੀਂ ਹੁੰਦਾ ਕਿ ਉਹ ਇਸ ਬੀਮਾਰੀ ਨਾਲ ਗ੍ਰਸਤ ਹਨ । ਕਿਉਂਕਿ ਇਸਦਾ ਕੋਈ ਵੀ ਲੱਛਣ ਨਹੀਂ ਹੋ ਸਕਦਾ, ਅਕਸਰ ਲੋਕਾਂ ਨੂੰ ਦਿਲ ਦਾ ਦੌਰਾ ਪੈਣ ਜਾਂ ਦੌਰਾ ਪੈਣ ਤੋਂ ਬਾਅਦ ਹੀ ਪਤਾ ਲੱਗਦਾ ਹੈ। ਇਸ ਮੌਕੇ ਸੀ ਐਚ ਓ ਜਸਮੀਤ ਕੌਰ ਕਿਹਾ ਕਿ ਇਸ ਦਿਨ ਦਾ ਮੁੱਖ ਉਦੇਸ਼ ਲੋਕਾਂ ਨੂੰ ਜਾਗਰੂਕ ਕਰਨਾ ਅਤੇ ਹਾਈਪਰਟੈਨਸ਼ਨ ਬਾਰੇ ਜਾਗਰੂਕਤਾ ਵਧਾਉਣਾ ਹੈ, ਜਿਸ ਨੂੰ ਆਮ ਤੌਰ 'ਤੇ ਹਾਈ ਬਲੱਡ ਪ੍ਰੈਸ਼ਰ ਵੀ ਕਿਹਾ ਜਾਂਦਾ ਹੈ। ਵਿਸ਼ਵ ਹਾਈਪਰਟੈਨਸ਼ਨ ਦਿਵਸ 2023 ਦੀ ਥੀਮ ਹੈ " ਆਪਣੇ ਬਲੱਡ ਪ੍ਰੈਸ਼ਰ ਨੂੰ ਸਹੀ ਢੰਗ ਨਾਲ ਮਾਪੋ, ਇਸ ਨੂੰ ਕੰਟਰੋਲ ਕਰੋ, ਲੰਬੇ ਸਮੇਂ ਤੱਕ ਜੀਓ"। ਇਸ ਥੀਮ ਦਾ ਉਦੇਸ਼ ਬਲੱਡ ਪ੍ਰੈਸ਼ਰ ਦੇ ਸਹੀ ਮਾਪ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ। ਇਹ ਹਾਈਪਰਟੈਨਸ਼ਨ ਭਾਰਤ ਵਿੱਚ ਇੱਕ ਵਧ ਰਹੀ ਸਮੱਸਿਆ ਹੈ ਅਤੇ ਸਿਹਤ ਪ੍ਰਣਾਲੀ 'ਤੇ ਮਹੱਤਵਪੂਰਨ ਬੋਝ ਦਾ ਕਾਰਨ ਬਣਦੀ ਜਾ ਰਹੀ ਹੈ. ਉਨ੍ਹਾਂ ਦੱਸਿਆਂ ਦੱਸਿਆ ਕਿ ਸਾਨੂੰ ਸਾਰਿਆਂ ਨੂੰ ਚੰਗੀ-ਸੰਤੁਲਿਤ ਖੁਰਾਕ ਲੈਣੀ ਚਾਹੀਦੀ ਹੈ ਜਿਸ ਵਿੱਚ ਲੂਣ ਦੀ ਮਾਤਰਾ ਘੱਟ ਹੋਵੇ, ਸ਼ਰਾਬ ਦੀ ਵਰਤੋਂ ਨਹੀਂ ਕਰਨੀ ਚਾਹੀਦੀ , ਨਿਯਮਤ ਸਰੀਰਕ ਗਤੀਵਿਧੀ ਕਰਨੀਆਂ ਚਾਹੀਦੀਆਂ ਹਨ , ਤਣਾਅ ਦਾ ਪ੍ਰਬੰਧਨ ਕਰਨਾ, ਸਿਹਤਮੰਦ ਵਜ਼ਨ ਬਣਾ ਕੇ ਰੱਖਣਾ ਚਾਹੀਦਾ ਹੈ , ਸਿਗਰਟਨੋਸ਼ੀ ਨਹੀਂ ਕਰਨੀ ਚਾਹੀਦੀ , ਆਪਣੀਆਂ ਦਵਾਈਆਂ ਸਹੀ ਢੰਗ ਨਾਲ ਲੈਣੀਆਂ ਚਾਹੀਦੀਆਂ ਹਨ ਅਤੇ ਆਪਣੇ ਡਾਕਟਰ ਦੀ ਸਲਾਹ ਨਾਲ ਜੀਵਨ ਸ਼ੈਲੀ ਵਿੱਚ ਸੁਧਾਰ ਕਰਨਾ ਚਾਹੀਦਾ ਹੈ । ਇਸ ਮੌਕੇ ਡਾ ਨਾਤਾਸ਼ਾ ਅੱਤਰੀ (ਡੈਂਟਲ) ਨੇ ਦੱਸਿਆਂ ਕਿ ਡੈਂਟਲ ਪ੍ਰੋਸਿਜਰ ਤੋਂ ਪਹਿਲਾ ਬੀ ਪੀ ਚੈੱਕ ਕਰਨਾ ਜਰੂਰੀ ਹੈ ਤਾ ਜੋ ਪ੍ਰੋਸਿਜਰ ਦੌਰਾਨ ਰਕਤ ਸੰਚਾਰ ਸੰਬੰਧੀ ਕੋਈ ਵੀ ਮੁਸ਼ਕਿਲ ਨਾ ਆ ਸਕੇ. ਇਸ ਮੌਕੇ ਡਾ ਕੁਲਬੀਰ, ਮਨਜੀਤ ਕੌਰ ਐਲ ਐਚ ਵੀ, ਕੁਲਵੰਤ ਕੌਰ ਐਲ ਐਚ ਵੀ, ਕੁਲਦੀਪ ਸਿੰਘ ਹੈਲਥ ਵਰਕਰ ਅਤੇ ਇਲਾਕਾ ਨਿਵਾਸੀ ਹਾਜ਼ਰ ਸਨ।

# ਸਿੱਧਵਾਂ ਨਹਿਰ 'ਤੇ 4 ਪੁਲਾਂ ਦਾ ਕੰਮ ਜਲਦੀ ਸ਼ੁਰੂ ਹੋਵੇਗਾ: ਐਮ.ਪੀ ਅਰੋੜਾ

ਲੁਧਿਆਣਾ ( ਸੁਖਚੈਨ ਮਹਿਰਾ,ਵਰਿੰਦਰ ਪ੍ਰਕਾਸ਼ ਭਾਂਬਰੀ)ਇੱਥੋਂ ਦੇ ਲਾਡੋਵਾਲ ਬਾਈਪਾਸ ਨੇੜੇ ਸਿੱਧਵਾਂ ਨਹਿਰ 'ਤੇ ਚਾਰ ਪੁਲਾਂ ਦੀ ਉਸਾਰੀ ਦਾ ਕੰਮ ਜਲਦੀ ਹੀ ਸ਼ੁਰੂ ਹੋਣ ਜਾ ਰਿਹਾ ਹੈ ਕਿਉਂਕਿ ਇਸ ਸਬੰਧੀ ਟੈਂਡਰ ਵੀ ਜਾਰੀ ਕਰ ਦਿੱਤਾ ਗਿਆ ਹੈ। ਇਸ ਪ੍ਰੋਜੈਕਟ ਦੀ ਅਨੁਮਾਨਿਤ ਲਾਗਤ ਲਗਭਗ 19 ਕਰੋੜ ਰੁਪਏ ਹੈ। ਐਫ2 ਰੇਸਵੇਅ ਬ੍ਰਿਜ (ਸੱਜੇ ਅਤੇ ਖੱਬੇ ਦੋਵੇਂ ਪਾਸੇ) ਤੋਂ 300 ਮੀਟਰ ਦੀ ਦੂਰੀ 'ਤੇ ਅਤੇ ਬਾੜੇਵਾਲ ਪੁਲ (ਸੱਜੇ ਅਤੇ ਖੱਬੇ ਦੋਵੇਂ ਪਾਸੇ) ਤੋਂ 300 ਮੀਟਰ ਦੀ ਦੂਰੀ 'ਤੇ ਚਾਰ ਪੁਲ ਬਣਾਏ ਜਾਣੇ ਹਨ। ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ (ਐਨ.ਐਚ.ਏ.ਆਈ.) ਨੇ ਇਨ੍ਹਾਂ ਪੁਲਾਂ ਦਾ ਨਿਰਮਾਣ ਕਰਨਾ ਹੈ। ਇਹ ਟੈਂਡਰ ਐਨ.ਐਚ.ਏ.ਆਈ. ਦੀ ਮਨਜ਼ੂਰੀ ਅਤੇ ਵਿਵਹਾਰਕਤਾ ਅਤੇ ਅਲਾਈਨਮੈਂਟ ਸਰਵੇਖਣ ਤੋਂ ਬਾਅਦ ਵਿਸਤ੍ਰਿਤ ਪ੍ਰੋਜੈਕਟ ਰਿਪੋਰਟ ਤਿਆਰ ਕਰਨ ਤੋਂ ਬਾਅਦ ਜਾਰੀ ਕੀਤਾ ਗਿਆ ਹੈ। ਸੰਸਦ ਮੈਂਬਰ (ਰਾਜ ਸਭਾ) ਸੰਜੀਵ ਅਰੋੜਾ ਨੇ ਅੱਜ ਇੱਥੇ ਇਹ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਇਹ ਜਾਣ ਕੇ ਖੁਸ਼ੀ ਹੋ ਰਹੀ ਹੈ ਕਿ ਆਖਰਕਾਰ ਉਨ੍ਹਾਂ ਦੇ ਠੋਸ ਯਤਨਾਂ ਦਾ ਨਤੀਜਾ ਦਿਖਾਈ ਦੇ ਰਿਹਾ ਹੈ। ਬਹੁਤ ਸਾਰੇ ਲੁਧਿਆਣਾ ਵਾਸੀਆਂ ਨੇ ਇਸ ਪ੍ਰੋਜੈਕਟ ਨੂੰ ਸ਼ੁਰੂ ਕਰਨ ਲਈ ਪਹਿਲਕਦਮੀ ਕਰਨ ਲਈ ਉਨ੍ਹਾਂ ਤੱਕ ਪਹੁੰਚ ਕੀਤੀ ਸੀ ਕਿਉਂਕਿ ਇਹ ਸਮੇਂ ਦੀ ਲੋੜ ਸੀ ਕਿ ਯਾਤਰੀਆਂ ਨੂੰ ਆਵਾਜਾਈ



ਦੇ ਜਾਮ ਤੋਂ ਰਾਹਤ ਦਿਵਾਈ ਜਾਵੇ। ਇਸ ਮੰਗ ਨੂੰ ਸਵੀਕਾਰ ਕਰਦਿਆਂ ਅਰੋੜਾ ਨੇ ਇਹ ਮਾਮਲਾ ਸੰਤੋਸ਼ ਕੁਮਾਰ ਯਾਦਵ, ਚੇਅਰਮੈਨ, ਐਨ.ਐਚ.ਏ.ਆਈ., ਕੋਲ ਉਠਾਇਆ, ਜਿਨ੍ਹਾਂ ਨੇ ਉਨ੍ਹਾਂ ਦੀ ਬੇਨਤੀ 'ਤੇ ਇਸ ਪ੍ਰੋਜੈਕਟ ਲਈ ਸਹਿਮਤੀ ਦੇ ਦਿੱਤੀ। ਅਰੋੜਾ ਨੇ ਹਾਲ ਹੀ ਵਿੱਚ ਡਿਪਟੀ ਕਮਿਸ਼ਨਰ ਸੁਰਭੀ ਮਲਿਕ ਅਤੇ ਐਨ.ਐਚ.ਏ.ਆਈ. ਦੇ ਸਬੰਧਤ ਅਧਿਕਾਰੀਆਂ ਨਾਲ ਪ੍ਰੋਜੈਕਟ ਦੀ ਪ੍ਰਗਤੀ ਦਾ ਜਾਇਜ਼ਾ ਲਿਆ। ਉਨ੍ਹਾਂ ਚੱਲ ਰਹੇ ਕੰਮਾਂ 'ਤੇ ਤਸੱਲੀ ਪ੍ਰਗਟ ਕਰਦਿਆਂ ਕਿਹਾ ਕਿ ਇਹ ਚੰਗੀ ਗੱਲ ਹੈ ਕਿ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ। ਪ੍ਰੋਜੈਕਟ ਨੂੰ ਇਸ ਸਾਲ ਮਾਰਚ ਵਿੱਚ ਐਨ.ਐਚ.ਏ.ਆਈ. ਹੈੱਡਕੁਆਰਟਰ ਤੋਂ ਸਿਧਾਂਤਕ ਪ੍ਰਵਾਨਗੀ ਮਿਲੀ ਸੀ। ਅਤੇ ਕੁਝ ਮਹੀਨਿਆਂ ਵਿੱਚ ਹੀ ਟੈਂਡਰ ਵੀ ਕੱਢੇ ਗਏ ਹਨ। ਉਨ੍ਹਾਂ ਕਿਹਾ ਕਿ ਨੌਂ ਫਰਮਾਂ ਨੇ ਟੈਂਡਰ ਜਮ੍ਹਾਂ ਕਰਵਾਏ ਹਨ ਜਿਨ੍ਹਾਂ ਦੀ ਪੜਤਾਲ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਟੈਂਡਰ ਅਲਾਟ ਕਰਨ ਦੀ ਪ੍ਰਕਿਰਿਆ ਅਗਲੇ 15 ਦਿਨਾਂ ਵਿੱਚ ਮੁਕੰਮਲ ਕਰ ਲਈ ਜਾਵੇਗੀ। ਉਨ੍ਹਾਂ ਆਸ ਪ੍ਰਗਟਾਈ ਕਿ ਪੁਲਾਂ ਦੇ ਬਣਨ ਤੋਂ ਬਾਅਦ ਸਾਊਥ ਸਿਟੀ ਖੇਤਰ ਵਿੱਚ ਟ੍ਰੈਫਿਕ ਜਾਮ ਦੀ ਸਮੱਸਿਆ ਘੱਟ ਜਾਵੇਗੀ। ਜ਼ਿਕਰਯੋਗ ਹੈ ਕਿ ਸਿੱਧਵਾਂ ਨਹਿਰ ਦੇ ਦੋਵੇਂ ਪਾਸੇ ਰਿਹਾਇਸ਼ੀ ਕੰਪਲੈਕਸਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਪਾਰਕ ਅਦਾਰੇ ਜਿਵੇਂ ਹੋਟਲ, ਰੈਸਟੋਰੈਂਟ ਆਦਿ ਬਣ ਰਹੇ ਹਨ। ਸਿੱਟੇ ਵਜੋਂ ਇਸ ਖੇਤਰ ਵਿੱਚ ਵਪਾਰਕ ਅਤੇ ਹੋਰ ਗਤੀਵਿਧੀਆਂ ਤੇਜ਼ੀ ਨਾਲ ਵੱਧ ਰਹੀਆਂ ਹਨ, ਜਿਸ ਕਾਰਨ ਆਵਾਜਾਈ ਕਈ ਗੁਣਾ ਵੱਧ ਗਈ ਹੈ। ਇਸ ਤੋਂ ਪਹਿਲਾਂ ਸ਼ੇਰਪੁਰ ਚੌਕ ਰੇਲਵੇ ਓਵਰ ਬ੍ਰਿਜ (ਆਰ.ਓ.ਬੀ.) ਦੀ ਉਸਾਰੀ ਦਾ ਕੰਮ ਮੁਕੰਮਲ ਹੋਣ ਤੋਂ ਬਾਅਦ ਮਾਰਚ ਮਹੀਨੇ ਅਰੋੜਾ ਦੀ ਪਹਿਲਕਦਮੀ 'ਤੇ ਇਸ ਨੂੰ ਆਵਾਜਾਈ ਲਈ ਖੋਲ੍ਹ ਦਿੱਤਾ ਗਿਆ ਸੀ। ਅਰੋੜਾ ਸ਼ਹਿਰ ਵਿੱਚ ਐਲੀਵੇਟਿਡ ਰੋਡ ਪ੍ਰੋਜੈਕਟ ਦੇ ਚੱਲ ਰਹੇ ਕੰਮ ਨੂੰ ਵੀ ਜਲਦੀ ਅਤੇ ਸਮੇਂ ਸਿਰ ਪੂਰਾ ਕਰਨ ਲਈ ਯਤਨਸ਼ੀਲ ਹਨ। ਅਰੋੜਾ ਨੇ ਕਿਹਾ ਕਿ ਸਿੱਧਵਾਂ ਨਹਿਰ 'ਤੇ ਚਾਰ ਪੁਲਾਂ ਦੀ ਉਸਾਰੀ ਅਤੇ ਐਲੀਵੇਟਿਡ ਰੋਡ ਪ੍ਰੋਜੈਕਟ ਦੇ ਮੁਕੰਮਲ ਹੋਣ ਨਾਲ ਸ਼ਹਿਰ ਦੀ ਆਵਾਜਾਈ ਵਿੱਚ ਭਾਰੀ ਤਬਦੀਲੀ ਆਵੇਗੀ। ਉਨ੍ਹਾਂ ਆਸ ਪ੍ਰਗਟਾਈ ਕਿ ਟਰੈਫਿਕ ਜਾਮ ਦੇ ਦ੍ਰਿਸ਼ ਇਤਿਹਾਸ ਦਾ ਹਿੱਸਾ ਬਣ ਜਾਣਗੇ।

## ਜਨਮਦਿਨ ਦੀਆਂ ਮੁਬਾਰਕਾਂ



ਆਦਵਿਕ ਸ਼ਰਮਾ
ਪਿਤਾ ਦਾ ਨਾਮ - ਵਿਕਰਾਂਤ ਸ਼ਰਮਾ
ਮਾਤਾ ਦਾ ਨਾਮ - ਦਿਕਸ਼ਾ ਸ਼ਰਮਾ
ਵਾਸੀ ਸਾਹਨੇਵਾਲ (ਲੁਧਿਆਣਾ)

# ਪੀ ਐੱਚ ਸੀ ਰਣਜੀਤ ਬਾਗ ਵਿਖੇ ਕੌਮੀ ਡੇਂਗੂ ਦਿਵਸ ਮਨਾਇਆ

ਦੋਰਾਂਗਲਾ (ਰਾਕੇਸ਼ ਜੀਵਨ ਚੱਕ) -ਸਿਵਲ ਸਰਜਨ ਗੁਰਦਾਸਪੁਰ ਡਾ ਹਰਭਜਨ ਰਾਮ ਮਾਂਡੀ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੀ ਐੱਚ ਸੀ ਰਣਜੀਤ ਬਾਗ ਵਿਖੇ ਕੌਮੀ ਡੇਂਗੂ ਦਿਵਸ ਸੀਨੀਅਰ ਮੈਡੀਕਲ ਅਫਸਰ ਡਾ ਅਨੀਤਾ ਗੁਪਤਾ ਦੀ ਅਗਵਾਈ ਹੇਠ ਮਨਾਇਆ ਗਿਆ। ਇਸ ਮੌਕੇ ਸਿਹਤ ਇੰਸਪੈਕਟਰ ਗੁਰਜੀਤ ਸਿੰਘ ਨੇ ਲੋਕਾਂ ਨੂੰ ਜਾਗਰੂਕ ਕਰਦਿਆਂ ਕਿਹਾ ਕਿ ਡੇਂਗੂ ਦਾ ਮੱਛਰ ਸਾਫ਼ ਖੜ੍ਹੇ ਪਾਣੀ ਦੇ ਸੋਮਿਆ ਵਿੱਚ ਪੈਦਾ ਹੁੰਦਾ ਹੈ ਅਤੇ ਇਹ ਸਿਰਫ਼ ਦਿਨ ਵੇਲੇ ਕੱਟਦਾ ਹੈ। ਉਨ੍ਹਾਂ ਦੱਸਿਆ ਕਿ ਡੇਂਗੂ ਦਾ ਮੱਛਰ ਹਫ਼ਤੇ ਵਿੱਚ ਆਂਡੇ ਤੋਂ ਪੂਰਾ ਮੱਛਰ ਬਣਦਾ ਹੈ, ਇਸ ਲਈ ਜੇਕਰ ਅਸੀਂ ਸਾਰੇ ਮਿਲ ਕੇ ਹਫਤੇ ਦੇ ਹਰੇਕ ਐਤਵਾਰ ਨੂੰ




ਡੇਂਗੂ ਦੇ ਲਾਰਵੇ ਦੇ ਪੈਦਾ ਹੋਣ ਵਾਲੀ ਜਗ੍ਹਾ ਜਿਵੇਂ ਕਿ ਕੂਲਰਾਂ, ਗਮਲਿਆਂ, ਫਰਿੱਜਾਂ ਦੀਆਂ ਟ੍ਰੇਆਂ ਆਦਿ ਨੂੰ ਸਾਫ ਕਰਕੇ ਸੁਕਾਈਏ ਤਾਂ ਅਸੀ ਡੇਂਗੂ ਦੇ ਲਾਰਵੇ ਨੂੰ ਨਸ਼ਟ ਕਰ ਸਕਦੇ ਹਾਂ। ਇਸ ਮੌਕੇ ਹੈਲਥ ਵਰਕਰ ਹਰਭਾਲ ਸਿੰਘ ਨੇ ਲੋਕਾਂ ਨੂੰ ਕਿਹਾ ਕਿ ਡੇਂਗੂ ਤੋਂ ਬਚਾਅ ਲਈ ਸਾਡੇ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਹੈ। ਉਨ੍ਹਾਂ ਨੇ ਡੇਂਗੂ ਬੁਖਾਰ ਦੇ ਬਚਾਓ ਬਾਰੇ ਦੱਸਦਿਆਂ ਕਿਹਾ ਕਿ ਕੱਪੜੇ ਅਜਿਹੇ ਪਹਿਨੋ ਜਿਸ ਨਾਲ ਸਰੀਰ ਢਕਿਆ ਹੋਵੇ, ਸੌਣ ਵੇਲੇ ਮੱਛਰਦਾਨੀ, ਮੱਛਰ ਭਜਾਉਣ ਵਾਲੀਆਂ ਕਰੀਮਾਂ ਤੇ ਤੇਲ ਆਦਿ ਦਾ ਇਸਤੇਮਾਲ ਕਰੋ, ਟੁੱਟੇ ਬਰਤਨ, ਡਰੰਮਾਂ, ਟਾਇਰਾਂ ਆਦਿ ਨੂੰ ਖੁੱਲ੍ਹੇ ਵਿੱਚ ਨਾ ਰੱਖੋ, ਬੁਖਾਰ ਹੋਣ ਤੇ ਸਿਰਫ਼ ਪੈਰਾਸੀਟਾਮੋਲ ਹੀ ਲਵੋ, ਐਸਪਰੀਨ ਜਾ ਬਰੂਫਿਨ ਨਾ ਲਓ, ਪਾਣੀ ਜਾਂ ਤਰਲ ਚੀਜਾਂ ਜ਼ਿਆਦਾ ਪੀਓ ਅਤੇ ਆਰਾਮ ਕਰੋ। ਇਸ ਮੌਕੇ ਡਾ ਸ਼ਿਲਪਾ, ਡਾ ਕੁਲਬੀਰ, ਸਮੂਹ ਹੈਲਥ ਵਰਕਰ, ਸਤਿੰਦਰ ਫਾਰਮਾਸਿਸਟ, ਪਲਵਿੰਦਰ ਅਲ ਟੀ, ਲਖਵਿੰਦਰ ਸਟਾਫ ਨਰਸ ਅਤੇ ਆਮ ਲੋਕ ਹਾਜ਼ਰ ਸਨ।

# ਪਿੰਡ ਮੁਗਰਾਲਾ ਦੇ ਨੰਬਰਦਾਰ ਖਿਲਾਫ ਖਾਲ ਤੇ ਕਬਜਾ ਕਰਨ ਦੀ ਕੀਤੀ ਗਈ ਸ਼ਿਕਾਇਤ

## ਪ੍ਰੈਸ ਕਾਨਫਰੰਸ ਦੌਰਾਨ ਬੋਲੇ ਨੰਬਰਦਾਰ ਕਿਹਾ ਸਭ ਅਰੋਪ ਝੂਠੇ ਤੇ ਬੇਬੁਨਿਆਦ ।

ਦੀਨਾਨਗਰ ( ਡਾ.ਰਮੇਸ਼ ਸਰੰਗਲ ) ਪਿੰਡ ਮਗਰਾਲਾ ਦੇ ਕਾਂਗਰਸੀ ਸਰਪੰਚ ਅਤੇ ਉਸਦੇ ਨੰਬਰਦਾਰ ਭਰਾ ਖ਼ਿਲਾਫ਼ ਸਰਕਾਰੀ ਜ਼ਮੀਨ 'ਤੇ ਕਬਜ਼ਾ ਕਰਕੇ ਕਾਲੋਨੀ ਕੱਟਣ ਦੇ ਲੱਗੇ ਇਲਜ਼ਾਮਾਂ ਤੋਂ ਬਾਅਦ ਅੱਜ ਦੂਜੀ ਧਿਰ ਨੇ ਸਾਹਮਣੇ ਆ ਕੇ ਖ਼ੁਦ 'ਤੇ ਲੱਗੇ ਦੋਸ਼ਾਂ ਨੂੰ ਬੇਬੁਨਿਆਦ ਅਤੇ ਸਿਆਸੀ ਰਜ਼ਿਸ਼ ਕਰਾਰ ਦਿੱਤਾ ਹੈ। ਆਪਣੇ ਗ੍ਰਹਿ ਵਿਖੇ ਬੁਲਾਈ ਪ੍ਰੈਸ ਕਾਨਫ਼ਰੰਸ ਵਿੱਚ ਨੰਬਰਦਾਰ ਬਲਬੀਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਕੋਈ ਵੀ ਗ਼ਲਤ ਕੰਮ ਨਹੀਂ ਕੀਤਾ ਹੈ ਅਤੇ ਇਹ ਸਾਰੀ ਸ਼ਰਾਰਤ ਉਨ੍ਹਾਂ ਦੇ ਪਿੰਡ ਨਾਲ ਸਬੰਧਿਤ ਉਨ੍ਹਾਂ ਸ਼ਰਾਰਤੀ ਅਨਸਰਾਂ ਦੀ ਹੈ ਜੋ ਖ਼ੁਦ ਨੂੰ ਮੌਜੂਦਾ ਸਰਕਾਰ ਦੇ ਵੱਡੇ ਆਗੂ ਮੰਨਦੇ ਹਨ। ਨੰਬਰਦਾਰ ਬਲਬੀਰ ਸਿੰਘ ਨੇ ਕਿਹਾ ਕਿ ਜੇਕਰ ਸ਼ਿਕਾਇਤ ਕਰਤਾ ਸੱਚੇ ਹੁੰਦੇ ਤਾਂ ਉਹ ਇਹ ਸ਼ਿਕਾਇਤ ਆਪਣੇ ਨਾਂ ਹੇਠ ਕਰਦੇ, ਬਲਕਿ ਉਨ੍ਹਾਂ




ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਆਪਣੇ 'ਤੇ ਲੱਗੇ ਇਲਜ਼ਾਮਾਂ ਨੂੰ ਝੂਠਾ ਦੱਸਦੇ ਹੋਏ ਨੰਬਰਦਾਰ ਬਲਬੀਰ ਸਿੰਘ।

ਨੇ ਇਹ ਸਭ ਸਾਡੇ ਨਾਲ ਸਿਆਸੀ ਕਿੜ ਕੱਢਣ ਅਤੇ ਬਿਨ੍ਹਾਂ ਵਜ੍ਹਾ ਦੀ ਖੱਜਲ-ਖੁਆਰੀ ਕਰਵਾਉਣ ਲਈ ਪਾਈ ਹੈ, ਜਿਸਦਾ ਕੋਈ ਆਧਾਰ ਨਹੀਂ ਹੈ। ਨੰਬਰਦਾਰ ਵੱਲੋਂ ਪੱਤਰਕਾਰਾਂ ਨੂੰ ਮੌਕੇ 'ਤੇ ਹੀ ਉਸ ਜਗ੍ਹਾ 'ਤੇ ਵੀ ਲਿਜਾਇਆ ਗਿਆ, ਜਿਸ ਬਾਰੇ ਅਣਪਛਾਤਿਆਂ ਵੱਲੋਂ ਕਬਜ਼ਾ ਕਰਨ ਦੀ ਸ਼ਿਕਾਇਤ ਕੀਤੀ ਗਈ ਹੈ। ਇਸ ਦੌਰਾਨ ਪਿੰਡ ਦੇ ਤਿੰਨ ਹੋਰ ਨੰਬਰਦਾਰ ਪਿਆਰਾ ਸਿੰਘ, ਬਲਬੀਰ ਅਤੇ ਰਮੇਸ਼ ਕੁਮਾਰ ਤੋਂ ਇਲਾਵਾ ਪੰਚ ਦਲਬੀਰ ਕੌਰ, ਪੰਚ ਗੁਰਨਾਮ, ਪੰਚ ਬਲਬੀਰ ਸਿੰਘ, ਪੰਚ ਦਰਸ਼ਨਾ ਕੁਮਾਰੀ ਤੇ ਪਿੰਡ ਦੇ ਵੱਡੀ




ਮਗਰਾਲਾ ਦੇ ਸਰਪੰਚ ਤੇ ਉਸਦੇ ਨੰਬਰਦਾਰ ਭਰਾ ਦੇ ਹੱਕ ਵਿੱਚ ਇਕੱਠੇ ਹੋਏ ਪੰਚਾਇਤ ਨੁਮਾਇੰਦੇ ਅਤੇ ਪਿੰਡ ਵਾਸੀ।

ਗਿਣਤੀ ਲੋਕ ਵੀ ਪਹੁੰਚ ਗਏ। ਜਿਨ੍ਹਾਂ ਨੇ ਇੱਕਸੁਰ ਵਿੱਚ ਮਾਮਲੇ ਨੂੰ ਸਿਆਸੀ ਰਜਿਸ਼ਬਾਜ਼ੀ ਦੱਸਿਆ। ਨੰਬਰਦਾਰ ਪਿਆਰਾ ਸਿੰਘ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਨੂੰ ਹੋਈ ਸ਼ਿਕਾਇਤ ਤੋਂ ਬਾਅਦ ਐਸਡੀਐਮ ਅਤੇ ਐਕਸੀਅਨ ਨਹਿਰੀ ਵਿਭਾਗ ਮੌਕੇ 'ਤੇ ਪਹੁੰਚ ਕੇ ਪੜਤਾਲ ਕਰ ਗਏ ਹਨ । ਮੌਕੇ ਤੇ ਹਾਜ਼ਰ ਪਿੰਡ ਵਾਸੀਆਂ ਨੇ ਮੰਗ ਕੀਤੀ ਹੈ ਕਿ ਝੂਠੀਆਂ ਸ਼ਿਕਾਇਤਾਂ ਕਰਨ ਵਾਲਿਆਂ ਖ਼ਿਲਾਫ਼ ਬਣਦੀ ਕਾਰਵਾਈ ਅਮਲ 'ਚ ਲਿਆਂਦੀ ਜਾਵੇ।

ਇੱਥੇ ਦੱਸਣਯੋਗ ਹੈ ਕਿ ਕੁਝ ਦਿਨ ਪਹਿਲਾਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਰਾਹੀਂ ਐਸਡੀਐਮ ਦੀਨਾਨਗਰ ਨੂੰ ਇੱਕ ਸ਼ਿਕਾਇਤ ਪ੍ਰਾਪਤ ਹੋਈ ਸੀ , ਜਿਸ ਵਿੱਚ ਸ਼ਿਕਾਇਤਕਰਤਾ ਵੱਲੋਂ ਇਹ ਇਲਜ਼ਾਮ ਲਗਾਏ ਗਏ ਸਨ ਕਿ ਪਿੰਡ ਮਗਰਾਲੇ ਦੇ ਕਾਂਗਰਸੀ ਸਰਪੰਚ ਦਲਬੀਰ ਸਿੰਘ ਅਤੇ ਉਸਦੇ ਭਰਾ ਨੰਬਰਦਾਰ ਬਲਬੀਰ ਸਿੰਘ ਨੇ ਸਿੰਚਾਈ ਵਿਭਾਗ ਦੀ ਜ਼ਮੀਨ ਅਤੇ ਖਾਲ 'ਤੇ ਕਬਜ਼ਾ ਕਰਕੇ ਨਜਾਇਜ਼ ਉਸਾਰੀਆਂ ਕੀਤੀਆਂ ਹੋਈਆਂ ਹਨ ਅਤੇ ਨਾਲ ਹੀ ਇਨ੍ਹਾਂ ਵੱਲੋਂ ਆਪਣੇ ਤਾਜ ਹੈਰੀਟੇਜ ਦਾ ਗੰਦਾ ਪਾਣੀ ਵੀ ਪੰਚਾਇਤੀ ਸ਼ਾਮਲਾਟ ਜ਼ਮੀਨ ਵਿੱਚ ਸੁੱਟ ਕੇ ਧੱਕੇਸ਼ਾਹੀ ਕੀਤੀ ਜਾ ਰਹੀ ਹੈ। ਜਿਨ੍ਹਾਂ ਖ਼ਿਲਾਫ਼ ਪਰਚਾ ਦਰਜ ਕਰਨ ਦੀ ਮੰਗ ਉਠਾਈ ਗਈ ਅਤੇ ਇਸ ਸ਼ਿਕਾਇਤ ਤੋਂ ਬਾਅਦ ਕਈ ਅਧਿਕਾਰੀ ਮੌਕਾ ਦੇਖਣ ਵੀ ਪਹੁੰਚ ਗਏ। ਅਖ਼ੀਰ ਮਾਮਲਾ ਵੱਧਦਾ ਦੇਖ ਅੱਜ ਦੂਜੀ ਧਿਰ ਵੀ ਸਾਹਮਣੇ ਆਈ ਅਤੇ ਉਨ੍ਹਾਂ ਨੇ ਸ਼ਿਕਾਇਤ ਨੂੰ ਸਿਆਸਤ ਤੋਂ ਪ੍ਰੇਰਤ ਕਰਾਰ ਦਿੱਤਾ।

# ਦੋਸਤ ਨਾਲ ਰਲ ਕੇ ਕਲਯੁਗੀ ਪੁੱਤ ਨੇ ਮਾਂ-ਪਿਓ ਨੂੰ ਦਿਤੀ ਰੂਹ ਕੰਬਾਊ ਮੌਤ



ਮੇਰਠ। ਮਾਂ-ਬਾਪ ਰੱਬ ਦਾ ਦੂਜਾ ਰੂਪ ਹੁੰਦੇ ਹਨ, ਜੋ ਖ਼ੁਦ ਲੱਖਾਂ ਹੀ ਪਰੇਸ਼ਾਨੀਆਂ ਝੱਲ ਕੇ ਬੱਚਿਆਂ ਦਾ ਪਾਲਣ-ਪੋਸ਼ਣ ਕਰਨ 'ਚ ਕੋਈ ਕਸਰ ਨਹੀਂ ਛੱਡਦੇ। ਜੇਕਰ ਬੱਚੇ ਹੀ ਵੱਡੇ ਹੋ ਕੇ ਮਾਪਿਆਂ ਨੂੰ ਰੂਹ ਕੰਬਾਅ ਦੇਣ ਵਾਲੀ ਮੌਤ ਦੇਣ ਤਾਂ ਇਹ ਬੇਹੱਦ ਸ਼ਰਮਨਾਕ ਅਤੇ ਅਫਸੋਸਜਨਕ ਹੈ। ਅਜਿਹਾ ਹੀ ਦਿਲ ਦਹਿਲਾ ਦੇਣ ਵਾਲਾ ਮਾਮਲਾ ਉੱਤਰ ਪ੍ਰਦੇਸ਼ ਦੇ ਮੇਰਠ ਤੋਂ ਸਾਹਮਣੇ ਆਇਆ ਹੈ। ਜਿਥੇ ਇਕ 22 ਸਾਲਾ ਪੁੱਤ ਨੇ ਆਪਣੇ ਹੀ ਮਾਪਿਆਂ ਨੂੰ ਰੂਹ ਕੰਬਾਊ ਮੌਤ ਦਿਤੀ ਹੈ। ਮੁਲਜ਼ਮ ਆਰੀਅਨ ਨੇ ਅਪਣੇ ਦੋਸਤ ਨਾਲ ਮਿਲ ਪਹਿਲਾਂ ਪਿਤਾ ਨੂੰ ਚਾਕੂ ਮਾਰ ਕੇ ਮਾਰਿਆ ਅਤੇ ਫਿਰ ਮਾਂ ਨੂੰ ਦਰਦਨਾਕ ਮੌਤ ਦਿਤੀ। ਜਦੋਂ ਕਾਤਲ ਦੇ ਪੁੱਤਰ ਨੇ ਪੁਲਿਸ ਅਧਿਕਾਰੀਆਂ ਦੇ ਸਾਹਮਣੇ ਘਟਨਾ ਦੀ ਸੱਚਾਈ ਦਾ ਖ਼ੁਲਾਸਾ ਕੀਤਾ ਤਾਂ ਹਰ ਕੋਈ ਹੈਰਾਨ ਰਹਿ ਗਿਆ। ਕਾਤਲ ਆਰੀਅਨ ਨੇ ਦਸਿਆ ਕਿ ਉਸ ਨੇ ਅਤੇ ਉਸ ਦੇ ਦੋਸਤ ਦੋਵਾਂ ਨੇ ਘਟਨਾ ਨੂੰ ਅੰਜਾਮ ਦਿਤਾ। ਉਸ ਨੇ ਦਸਿਆ ਕਿ ਪਿਤਾ ਰੋਜ਼ਾਨਾ ਸ਼ਰਾਬ ਪੀ ਕੇ ਘਰ ਆਉਂਦੇ ਸਨ। ਇਸ ਤੋਂ ਬਾਅਦ ਉਹ ਮਾਂ ਦੀ ਕੁੱਟਮਾਰ ਕਰਦੇ ਸੀ। ਮੇਰੇ ਮਨਾ ਕਰਨ 'ਤੇ ਉਹ ਮੇਰੇ ਨਾਲ ਬਹਿਸ ਵੀ ਕਰਦੇ ਸਨ, ਜਿਸ ਕਾਰਨ ਉਹ ਪਰੇਸ਼ਾਨ ਸੀ। ਆਰੀਅਨ ਨੇ ਦੱਸਿਆ ਕਿ ਉਹ ਆਪਣੇ ਪਿਤਾ ਦੀਆਂ ਹਰਕਤਾਂ ਤੋਂ ਤੰਗ ਆ ਚੁੱਕਾ ਸੀ। ਮੈਂ ਇਸ ਬਾਰੇ ਦੋਸਤ ਆਦਿਤਿਆ ਨੂੰ ਦੱਸਿਆ। ਇਸ ਤੋਂ ਬਾਅਦ ਅਸੀਂ ਦੋਹਾਂ ਨੇ ਪਿਤਾ ਪ੍ਰਮੋਦ ਨੂੰ ਮਾਰਨ ਦੀ ਯੋਜਨਾ ਬਣਾਈ। ਇਸ ਦੇ ਨਾਲ ਹੀ ਜਿਸ ਨੇ ਵੀ ਇਸ ਘਟਨਾ ਬਾਰੇ ਸੁਣਿਆ, ਉਸ ਦੀ ਰੂਹ ਕੰਬ ਗਈ। ਖ਼ੂਨ ਨਾਲ ਲੱਥਪੱਥ ਕਮਰੇ ਦੀ ਹਾਲਤ ਦੇਖ ਕੇ ਸਾਰਿਆਂ ਦੇ ਮਨ 'ਚ ਇਕ ਹੀ ਸਵਾਲ ਸੀ ਕਿ ਉਹਨਾਂ ਦਾ ਅਪਣਾ ਪੁੱਤਰ ਅਜਿਹਾ ਕਿਵੇਂ ਕਰ ਸਕਦਾ ਹੈ। ਇਸ ਜੋੜੇ ਦੇ ਕਤਲ ਦਾ ਖੁਲਾਸਾ ਹੋਣ ਤੋਂ ਬਾਅਦ ਪੁਲਿਸ ਨੇ ਦੋਸ਼ੀ ਪੁੱਤਰ ਅਤੇ ਉਸ ਦੇ ਦੋਸਤ ਨੂੰ ਹਿਰਾਸਤ 'ਚ ਲੈ ਲਿਆ ਹੈ। ਇਸ ਦੇ ਨਾਲ ਹੀ ਆਰੀਅਨ ਦੇ ਜੇਲ ਜਾਣ ਤੋਂ ਬਾਅਦ ਪਰਿਵਾਰ 'ਚ ਸਿਰਫ਼ ਪੋਤੀ ਅਤੇ ਦਾਦਾ-ਦਾਦੀ ਹੀ ਰਹਿ ਜਾਣਗੇ। ਫਿਲਹਾਲ ਆਰੀਅਨ ਦੀ ਭੈਣ ਦਾ ਰੋ-ਰੋ ਕੇ ਬੁਰਾ ਹਾਲ ਹੈ ਅਤੇ ਉਹ ਵਾਰ-ਵਾਰ ਬੇਹੋਸ਼ ਹੋ ਰਹੀ ਹੈ। ਦਿੱਲੀ ਦੀ ਇਕ ਸਰੀਏ ਫੈਕਟਰੀ ਵਿਚ ਕੰਮ ਕਰਨ ਵਾਲੇ ਪ੍ਰਮੋਦ ਕਰਨਵਾਲ ਅਤੇ ਉਸ ਦੀ ਪਤਨੀ ਮਮਤਾ ਨੇ ਆਰੀਅਨ ਨੂੰ ਲੈ ਕੇ ਹਜ਼ਾਰਾਂ ਸੁਪਨੇ ਲਏ ਹੋਣਗੇ, ਪਰ ਉਸੇ ਪੁੱਤਰ ਨੇ ਉਸ ਦੇ ਮਾਪਿਆਂ ਦੀ ਜ਼ਿੰਦਗੀ ਖੋਹ ਲਈ। ਹੈਰਾਨੀ ਦੀ ਗੱਲ ਇਹ ਹੈ ਕਿ ਇਸ ਦਿਲ ਦਹਿਲਾ ਦੇਣ ਵਾਲੀ ਘਟਨਾ ਨੂੰ ਅੰਜਾਮ ਦੇਣ ਤੋਂ ਬਾਅਦ ਵੀ ਆਰੀਅਨ ਦੇ ਚਿਹਰੇ 'ਤੇ ਕੋਈ ਪਛਤਾਵਾ ਨਹੀਂ ਸੀ।

# ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਨੂੰ ਮਿਲੀ ਜ਼ਮਾਨਤ, ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ 'ਚ ਹਾਈ ਕੋਰਟ ਨੇ ਦਿਤੀ ਰਾਹਤ

ਚੰਡੀਗੜ੍ਹ: ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਦੀ ਜ਼ਮਾਨਤ ਪਟੀਸ਼ਨ 'ਤੇ ਅੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਸੁਣਵਾਈ ਹੋਈ। ਇਸ ਦੌਰਾਨ ਅਦਾਲਤ ਨੇ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ 'ਚ ਸਾਬਕਾ ਮੰਤਰੀ ਨੂੰ ਜ਼ਮਾਨਤ ਦੇ ਦਿਤੀ ਹੈ। ਇਸ ਤੋਂ ਪਹਿਲਾਂ ਅਦਾਲਤ ਨੇ ਉਨ੍ਹਾਂ ਦੀ ਜ਼ਮਾਨਤ ਅਰਜ਼ੀ 'ਤੇ ਫ਼ੈਸਲਾ ਸੁਰੱਖਿਅਤ ਰਖਿਆ ਸੀ। ਦੱਸ ਦੇਈਏ ਕਿ ਪੰਜਾਬ ਵਿਜੀਲੈਂਸ ਬਿਊਰੋ ਨੇ



ਸਾਧੂ ਸਿੰਘ ਧਰਮਸੋਤ ਨੂੰ 6 ਫ਼ਰਵਰੀ ਨੂੰ ਆਮਦਨ ਤੋਂ ਵਧ ਜਾਇਦਾਦ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਸੀ। ਵਿਜੀਲੈਂਸ ਬਿਊਰੋ ਦਾ ਇਲਜ਼ਾਮ ਹੈ ਕਿ ਉਨ੍ਹਾਂ ਕੋਲ ਆਮਦਨੀ ਦੇ ਜਾਣੂ ਸਰੋਤਾਂ ਤੋਂ ਵੱਧ ਜਾਇਦਾਦ ਸਾਹਮਣੇ ਆਈ ਹੈ। ਵਿਜੀਲੈਂਸ ਮੁਤਾਬਕ ਜਾਂਚ ਮਗਰੋਂ ਸਾਧੂ ਸਿੰਘ ਧਰਮਸੋਤ ਵਿਰੁਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13(1) (ਬੀ), 13(2) ਤਹਿਤ ਮੁਕੱਦਮਾ ਦਰਜ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਵੀ ਸਾਧੂ ਸਿੰਘ ਧਰਮਸੋਤ ਨੂੰ ਪਿਛਲੇ ਸਾਲ ਜੂਨ ਵਿਚ ਵਿਜੀਲੈਂਸ ਨੇ ਗ੍ਰਿਫ਼ਤਾਰ ਕੀਤਾ ਸੀ। ਧਰਮਸੋਤ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵਿਚ ਸਮਾਜ ਭਲਾਈ ਅਤੇ ਜੰਗਲਾਤ ਮਹਿਕਮੇ ਦੇ ਮੰਤਰੀ ਰਹੇ ਸਨ। ਉਸ ਵੇਲੇ ਉਨ੍ਹਾਂ 'ਤੇ ਰੁੱਖ ਕੱਟਣ ਦੇ ਮਾਮਲੇ ਵਿਚ ਰਿਸ਼ਵਤ ਲੈਣ ਦੇ ਇਲਜ਼ਾਮ ਲੱਗੇ ਸਨ। ਇਨ੍ਹਾਂ ਇਲਜ਼ਾਮਾਂ ਤਹਿਤ ਹੀ ਸਾਧੂ ਸਿੰਘ ਧਰਮਸੋਤ ਦੀ ਗ੍ਰਿਫ਼ਤਾਰੀ ਹੋਈ ਸੀ। ਹਾਈ ਕੋਰਟ ਨੇ ਉਨ੍ਹਾਂ ਨੂੰ 6 ਸਤੰਬਰ 2022 ਨੂੰ ਜ਼ਮਾਨਤ ਦਿਤੀ ਸੀ।

# ਨਕੋਦਰ ਹਲਕੇ ਤੋਂ 'ਆਪ' ਵਿਧਾਇਕਾ ਇੰਦਰਜੀਤ ਕੌਰ ਮਾਨ ਦੇ ਪੁੱਤ ਨੂੰ ਗੈਂਗਸਟਰਾਂ ਵਲੋਂ ਮਿਲੀਆਂ ਧਮਕੀਆਂ

ਨਕੋਦਰ। ਨਕੋਦਰ ਹਲਕੇ ਤੋਂ 'ਆਪ' ਵਿਧਾਇਕਾ ਇੰਦਰਜੀਤ ਕੌਰ ਮਾਨ ਦੇ ਬੇਟੇ ਨੂੰ ਗੈਂਗਸਟਰਾਂ ਵਲੋਂ ਧਮਕੀਆਂ ਮਿਲ ਰਹੀਆਂ ਹਨ। ਦੱਸਿਆ ਜਾ ਰਿਹਾ ਹੈ ਕਿ ਵਿਧਾਇਕਾ ਮਾਨ ਦੇ ਬੇਟੇ ਅਮਨਦੀਪ ਸਿੰਘ ਨੂੰ ਗੈਂਗਸਟਰਾਂ ਵਲੋਂ ਕਾਲ ਅਤੇ ਮੈਸੇਜ ਕਰਕੇ ਧਮਕੀਆਂ ਦਿਤੀਆਂ ਜਾ ਰਹੀਆਂ ਹਨ। ਇਸ ਮਾਮਲੇ ਵਿਚ ਥਾਣਾ ਨਕੋਦਰ ਦੀ ਪੁਲਿਸ ਨੇ ਅਣਪਛਾਤੇ ਗੈਂਗਸਟਰ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।
10 ਮਈ ਨੂੰ ਵਿਧਾਇਕਾ ਇੰਦਰਜੀਤ ਕੌਰ ਦੇ ਪੁੱਤਰ ਅਮਨਦੀਪ ਸਿੰਘ ਨੂੰ ਕਿਸੇ ਅਣਪਛਾਤੇ ਵਿਅਕਤੀ ਵਲੋਂ ਉਨ੍ਹਾਂ ਦੇ ਮੋਬਾਈਲ 'ਤੇ ਧਮਕੀ ਭਰਿਆ ਸੁਨੇਹਾ ਮਿਲਿਆ। ਵਿਧਾਇਕਾ ਦੇ ਲੜਕੇ ਨੇ ਧਮਕੀ ਦੇਣ ਵਾਲੇ ਵਿਅਕਤੀ ਤੋਂ ਉਸ ਦਾ



ਠਿਕਾਣਾ ਵੀ ਪੁੱਛਿਆ ਪਰ ਉਸ ਨੇ ਗਲਤ ਸ਼ਬਦਾਵਲੀ ਵਰਤ ਕੇ ਫੋਨ ਬੰਦ ਕਰ ਦਿਤਾ। ਇਸ ਦੌਰਾਨ ਉਸ ਨੂੰ ਫਿਰ ਤੋਂ ਕਿਸੇ ਹੋਰ ਨੰਬਰ ਤੋਂ ਮਿਸ ਕਾਲਾਂ ਆਉਣੀਆਂ ਸ਼ੁਰੂ ਹੋ ਗਈਆਂ। ਜਦੋਂ ਪੁਲਿਸ ਵਲੋਂ ਉਸ ਨੰਬਰ 'ਤੇ ਸੰਪਰਕ ਕੀਤਾ ਗਿਆ ਤਾਂ ਉਹ ਨੰਬਰ ਬੰਦ ਆ ਆਇਆ। ਅਮਨਦੀਪ ਸਿੰਘ ਨੇ ਜਲੰਧਰ ਦਿਹਾਤੀ ਦੇ ਐਸਐਸਪੀ ਮੁਖਵਿੰਦਰ ਭੁੱਲਰ ਨੂੰ ਸ਼ਿਕਾਇਤ ਦੇ ਕੇ ਕਾਰਵਾਈ ਦੀ ਮੰਗ ਕੀਤੀ ਹੈ। ਪੁਲਿਸ ਨੇ ਇਸ ਮਾਮਲੇ 'ਚ ਅਣਪਛਾਤੇ ਗੈਂਗਸਟਰਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿਤੀ ਹੈ। ਇਸ ਨੂੰ ਗੰਭੀਰਤਾ ਨਾਲ ਲੈਂਦਿਆਂ ਐਸਐਸਪੀ ਮੁਖਵਿੰਦਰ ਸਿੰਘ ਨੇ ਸ਼ਿਕਾਇਤ ਮਿਲਦੇ ਹੀ ਕਾਰਵਾਈ ਦੇ ਹੁਕਮ ਦਿਤੇ ਹਨ। ਥਾਣਾ ਸਦਰ ਨਕੋਦਰ ਵਿੱਚ ਧਾਰਾ 384, 506 ਆਈਪੀਸੀ ਤਹਿਤ ਕੇਸ ਦਰਜ ਕਰਕੇ ਜਾਂਚ ਕੀਤੀ ਜਾ ਰਹੀ ਹੈ।

# ਸਕੂਲੋਂ ਵਾਪਸ ਆਉਂਦਿਆਂ ਰਸਤੇ 'ਚ ਪਿਓ-ਪੁੱਤ ਤੇ ਭਤੀਜੇ ਨਾਲ ਵਾਪਰਿਆ ਹਾਦਸਾ, ਪੁੱਤ ਦੀ ਮੌਤ

ਮਲੋਟ। ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿਚ ਮਿੱਟੀ ਨਾਲ ਭਰੀ ਟਰਾਲੀ ਹੇਠਾਂ ਆਉਣ ਕਾਰਨ ਇਕ ਸਕੂਲੀ ਵਿਦਿਆਰਥੀ ਦੀ ਮੌਤ ਹੋ ਗਈ ਜਦਕਿ ਉਸ ਦਾ ਪਿਤਾ ਅਤੇ ਭਤੀਜਾ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਨੂੰ ਮਲੋਟ ਦੇ ਸਰਕਾਰੀ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ। ਹਾਲਤ ਨਾਜ਼ੁਕ ਹੋਣ ਕਾਰਨ ਦੋਵਾਂ ਨੂੰ ਮੁੱਢਲੀ ਸਹਾਇਤਾ ਤੋਂ ਬਾਅਦ ਬਠਿੰਡਾ ਰੈਫਰ ਕਰ ਦਿਤਾ ਗਿਆ। ਹਾਦਸੇ ਤੋਂ ਬਾਅਦ ਟਰੈਕਟਰ ਚਾਲਕ ਫਰਾਰ ਹੋ ਗਿਆ। ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਮਲੋਟ ਨੇੜਲੇ ਪਿੰਡ ਦਾਨੇਵਾਲਾ ਦਾ ਰਹਿਣ ਵਾਲਾ ਰਾਜੇਸ਼ ਕੁਮਾਰ ਉਰਫ਼ ਲਵਲੀ ਬੁੱਧਵਾਰ ਦੁਪਹਿਰ ਆਪਣੇ ਬੇਟੇ ਅਰਸ਼ ਤੇ ਭਤੀਜੇ ਨੂੰ ਲੈਣ ਸਕੂਲ ਪਹੁੰਚਿਆ ਸੀ। ਅਰਸ਼ ਦਾਨੇਵਾਲਾ ਪਿੰਡ ਦੇ




ਸਰਕਾਰੀ ਹਾਈ ਸਕੂਲ ਵਿਚ 7ਵੀਂ ਜਮਾਤ ਦਾ ਵਿਦਿਆਰਥੀ ਸੀ। ਜਦੋਂ ਰਾਜੇਸ਼ ਦੋਵਾਂ ਬੱਚਿਆਂ ਨੂੰ ਲੈ ਕੇ ਘਰ ਵੱਲ ਜਾ ਰਿਹਾ ਸੀ ਤਾਂ ਪਿੰਡ ਦਾਨੇਵਾਲਾ ਦੇ ਸਤਨਾਮ ਚੌਕ ਕੋਲ ਮਿੱਟੀ ਨਾਲ ਭਰੀ ਟਰੈਕਟਰ-ਟਰਾਲੀ ਨੇ ਉਸ ਨੂੰ ਟੱਕਰ ਮਾਰ ਦਿਤੀ। ਹਾਦਸਾ ਇੰਨਾ ਭਿਆਨਕ ਸੀ ਕਿ ਰਾਜੇਸ਼ ਦੀ ਬਾਈਕ ਟਰੈਕਟਰ-ਟਰਾਲੀ ਦੇ ਹੇਠਾਂ ਫਸ ਗਈ। ਹਾਦਸੇ 'ਚ ਬਾਈਕ ਚਲਾ ਰਹੇ ਰਾਜੇਸ਼ ਦੇ ਨਾਲ ਅਰਸ਼ ਅਤੇ ਧਨੰਜੈ ਵੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਹਾਦਸੇ ਤੋਂ ਬਾਅਦ ਮੌਕੇ 'ਤੇ ਇਕੱਠੇ ਹੋਏ ਲੋਕਾਂ ਨੇ ਤੁਰੰਤ 108 ਐਂਬੂਲੈਂਸ ਦੀ ਮਦਦ ਨਾਲ ਤਿੰਨਾਂ ਜ਼ਖ਼ਮੀਆਂ ਨੂੰ ਟਰਾਲੀ ਹੇਠੋਂ ਬਾਹਰ ਕੱਢਿਆ ਅਤੇ ਮਲੋਟ ਦੇ ਸਿਵਲ ਹਸਪਤਾਲ ਪਹੁੰਚਾਇਆ। ਹਸਪਤਾਲ ਦੇ ਡਾਕਟਰਾਂ ਨੇ ਅਰਸ਼ ਨੂੰ ਮ੍ਰਿਤਕ ਐਲਾਨ ਦਿੱਤਾ। ਗੰਭੀਰ ਜ਼ਖ਼ਮੀ ਹੋਣ ਕਾਰਨ ਚਾਚੇ ਅਤੇ ਭਤੀਜੇ ਨੂੰ ਬਠਿੰਡਾ ਰੈਫ਼ਰ ਕਰ ਦਿਤਾ ਗਿਆ। ਹਾਦਸੇ ਤੋਂ ਬਾਅਦ ਟਰੈਕਟਰ ਚਾਲਕ ਮੌਕੇ ਤੋਂ ਫਰਾਰ ਹੋ ਗਿਆ। ਪੁਲਿਸ ਨੇ ਅਰਸ਼ ਦੇ ਪਰਿਵਾਰ ਦੇ ਬਿਆਨਾਂ 'ਤੇ ਟਰੈਕਟਰ-ਟਰਾਲੀ ਨੂੰ ਕਬਜ਼ੇ ਵਿਚ ਲੈ ਕੇ ਕੇਸ ਦਰਜ ਕਰ ਲਿਆ ਹੈ।

# ਏਅਰ ਇੰਡੀਆ ਦੀ ਦਿੱਲੀ-ਸਿਡਨੀ ਫਲਾਈਟ ਵਿਚ ਉਡਾਣ ਦੌਰਾਨ ਲੱਗੇ ਤੇਜ਼ ਝਟਕੇ, ਕਈ ਯਾਤਰੀ ਜ਼ਖ਼ਮੀ

ਨਵੀਂ ਦਿੱਲੀ: ਏਅਰ ਇੰਡੀਆ ਦੇ ਇਕ ਜਹਾਜ਼ ਨੂੰ ਹਵਾ ਵਿਚ ਹੀ ਅਚਾਨਕ ਤੇਜ਼ ਝਟਕੇ ਲੱਗੇ, ਜਿਸ ਕਾਰਨ ਉਸ ਵਿਚ ਸਵਾਰ ਕਈ ਯਾਤਰੀ ਜ਼ਖ਼ਮੀ ਹੋ ਗਏ। ਇਕ ਅਧਿਕਾਰੀ ਨੇ ਇਸ ਦੀ ਜਾਣਕਾਰੀ ਦਿੰਦਿਆਂ ਦਸਿਆ ਕਿ ਇਹ ਘਟਨਾ ਮੰਗਲਵਾਰ ਦੀ ਹੈ, ਜਦੋਂ ਏਅਰ ਇੰਡੀਆ ਦੇ ਇਕ ਜਹਾਜ਼ ਨੇ ਦਿੱਲੀ ਤੋਂ ਸਿਡਨੀ ਲਈ ਉਡਾਣ ਭਰੀ ਅਤੇ ਉਸ ਨੂੰ ਹਵਾ ਵਿਚ ਤੇਜ਼ ਝਟਕਿਆਂ ਦਾ ਸਾਹਮਣਾ ਕਰਨਾ ਪਿਆ। ਹਾਲਾਂਕਿ ਸੂਤਰਾਂ ਦਾ ਕਹਿਣਾ ਹੈ ਕਿ ਇਸ ਦੌਰਾਨ ਕਿਸੇ ਯਾਤਰੀ ਦੇ ਗੰਭੀਰ ਜ਼ਖ਼ਮੀ ਹੋਣ ਦੀ ਸੂਚਨਾ ਨਹੀਂ ਹੈ। ਯਾਤਰੀਆਂ ਨੂੰ ਸਿਡਨੀ ਦੇ ਹਵਾਈ ਅੱਡੇ 'ਤੇ ਮੈਡੀਕਲ ਸਹਾਇਤਾ ਦਿਤੀ ਗਈ। ਸਿਵਲ ਹਵਾਬਾਜ਼ੀ ਦੇ ਡਾਇਰੈਕਟੋਰੇਟ ਜਨਰਲ ਨੇ ਕਿਹਾ ਕਿ ਕੋਈ ਵੀ ਯਾਤਰੀ ਹਸਪਤਾਲ ਵਿਚ ਭਰਤੀ ਨਹੀਂ ਹੋਇਆ ਹੈ। ਇਕ ਅਧਿਕਾਰੀ ਨੇ ਸਮਾਚਾਰ ਏਜੰਸੀ ਨੂੰ ਦਸਿਆ, "ਸੱਤ ਯਾਤਰੀਆਂ ਨੇ ਮਾਮੂਲੀ ਮੋਚ ਦੀ ਸੂਚਨਾ ਦਿਤੀ ਹੈ। ਕੈਬਿਨ ਕਰੂ ਨੇ ਇਕ ਡਾਕਟਰ ਅਤੇ ਜਹਾਜ਼ ਵਿਚ ਯਾਤਰਾ ਕਰ ਰਹੀ ਇਕ ਨਰਸ ਦੀ ਸਹਾਇਤਾ ਨਾਲ ਮੈਡੀਕਲ ਕਿਟ ਦੀ ਵਰਤੋਂ ਕੀਤੀ"। ਅਧਿਕਾਰੀ ਨੇ ਦਸਿਆ ਕਿ ਸਿਡਨੀ ਵਿਚ ਏਅਰ ਇੰਡੀਆ ਦੇ ਏਅਰਪੋਰਟ ਮੈਨੇਜਰ ਨੇ ਯਾਤਰੀਆਂ ਨੂੰ ਪਹੁੰਚਣ 'ਤੇ ਡਾਕਟਰੀ ਸਹਾਇਤਾ ਦਾ ਵੀ ਪ੍ਰਬੰਧ ਕੀਤਾ।

# ਸੁਪਰੀਮ ਕੋਰਟ : ਗਰੀਬਾਂ ਲਈ ਰਾਖਵੇਂਕਰਨ 'ਤੇ ਮੁੜ 'ਸੁਪਰੀਮ' ਮੋਹਰ, ਸੰਵਿਧਾਨਕ ਬੈਂਚ ਨੇ ਈਡਬਲਿਯੂਐਸ 'ਤੇ ਸਾਰੀਆਂ ਪੁਨਰਵਿਚਾਰ ਪਟੀਸ਼ਨਾਂ ਨੂੰ ਕੀਤਾ ਖਾਰਜ

ਨਵੀਂ ਦਿੱਲੀ । ਸੁਪਰੀਮ ਕੋਰਟ ਨੇ ਇਕ ਵਾਰ ਫਿਰ ਜਨਰਲ ਵਰਗ ਦੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨੂੰ ਨੌਕਰੀਆਂ ਅਤੇ ਵਿ-ਦਅਕ ਸੰਸਥਾਵਾਂ ਵਿਚ ਦਾਖਲੇ ਵਿਚ 10 ਫੀਸਦੀ ਰਾਖਵੇਂਕਰਨ ਨੂੰ ਮਨਜੂਰੀ ਦੇ ਦਿਤੀ ਹੈ। ਸੁਪਰੀਮ ਕੋਰਟ ਨੇ ਈਡਬਲਿਯੂਐਸ ਰਾਖਵੇਂਕਰਨ ਨੂੰ ਬਰਕਰਾਰ ਰੱਖਣ ਵਾਲੇ ਫੈਸਲੇ 'ਤੇ ਮੁੜ ਵਿਚਾਰ ਕਰਨ ਦੀ ਮੰਗ ਨੂੰ ਰੱਦ ਕਰ ਦਿਤਾ ਹੈ। ਚੀਫ਼ ਜਸਟਿਸ ਡੀਵਾਈ ਚੰਦਰਚੂੜ ਦੀ ਅਗਵਾਈ ਵਾਲੀ ਪੰਜ ਜੱਜਾਂ ਦੀ ਸੰਵਿਧਾਨਕ ਬੈਂਚ ਨੇ ਸਾਰੀਆਂ ਸਮੀਖਿਆ ਪਟੀਸ਼ਨਾਂ ਨੂੰ ਇਹ ਕਹਿੰਦੇ ਹੋਏ ਖਾਰਜ ਕਰ ਦਿਤਾ ਕਿ ਫ਼ੈਸਲੇ ਵਿਚ ਕੋਈ ਸਪੱਸ਼ਟ ਕਮਜ਼ੋਰੀ ਨਹੀਂ ਹੈ। 7 ਨਵੰਬਰ, 2022 ਨੂੰ ਪੰਜ ਮੈਂਬਰੀ ਸੰਵਿਧਾਨਕ ਬੈਂਚ ਨੇ ਤਿੰਨ ਤੋਂ ਦੋ ਬਹੁਮਤ ਦਾ ਫੈਸਲਾ ਦਿੰਦੇ ਹੋਏ, ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨੂੰ 10 ਪ੍ਰਤੀਸ਼ਤ ਰਾਖਵਾਂਕਰਨ ਪ੍ਰਦਾਨ ਕਰਨ ਲਈ 103ਵੇਂ ਸੰਵਿਧਾਨਕ ਸੋਧ ਦੇ ਸੰਵਿਧਾਨਕ ਪ੍ਰਬੰਧ ਨੂੰ ਬਰਕਰਾਰ ਰੱਖਿਆ। ਈਡਬਲਿਯੂਐਸ ਰਾਖਵੇਂਕਰਨ ਨੂੰ ਬਰਕਰਾਰ ਰੱਖਣ ਵਾਲੇ ਫੈਸਲੇ 'ਤੇ ਮੁੜ ਵਿਚਾਰ ਕਰਨ ਦੀ ਮੰਗ ਨੂੰ ਲੈ ਕੇ ਸੁਪਰੀਮ ਕੋਰਟ 'ਚ ਦਰਜਨ ਦੇ ਕਰੀਬ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਸਨ। ਚੀਫ਼ ਜਸਟਿਸ ਡੀਵਾਈ ਚੰਦਰਚੂੜ, ਜਸਟਿਸ ਦਿਨੇਸ਼ ਮਹੇਸ਼ਵਰੀ, ਜਸਟਿਸ ਐਸ.ਕੇ. ਰਵਿੰਦਰ ਭੱਟ, ਜਸਟਿਸ ਬੇਲਾ ਐਮ. ਤ੍ਰਿਵੇਦੀ ਅਤੇ ਜਸਟਿਸ ਜੇਬੀ ਪਾਰਦੀਵਾਲਾ ਦੀ ਬੈਂਚ ਨੇ ਚੈਂਬਰ ਵਿਚ ਸਰਕੂਲੇਸ਼ਨ ਰਾਹੀਂ ਨਜ਼ਰਸਾਨੀ ਪਟੀਸ਼ਨਾਂ 'ਤੇ ਵਿਚਾਰ ਕਰਨ ਤੋਂ ਬਾਅਦ 9 ਮਈ ਨੂੰ ਦਿਤੀ ਸੀ। ਪਰ ਆਰਡਰ ਦੀ ਕਾਪੀ ਮੰਗਲਵਾਰ ਨੂੰ ਉਪਲਬਧ ਹੋ ਗਈ ਆਦੇਸ਼ ਵਿਚ ਸੁਪਰੀਮ ਕੋਰਟ ਨੇ ਸਮੀਖਿਆ ਪਟੀਸ਼ਨਾਂ ਦਾਇਰ ਕਰਨ ਵਿਚ ਦੇਰੀ ਨੂੰ ਮਾਫ਼ ਕਰ ਦਿਤਾ ਪਰ ਸਮੀਖਿਆ ਪਟੀਸ਼ਨਾਂ 'ਤੇ ਖੁੱਲ੍ਹੀ ਅਦਾਲਤ ਵਿਚ ਸੁਣਵਾਈ ਦੀ ਮੰਗ ਨੂੰ ਰੱਦ ਕਰ ਦਿਤਾ। ਸੰਵਿਧਾਨਕ ਬੈਂਚ ਨੇ ਕਿਹਾ ਕਿ ਉਨ੍ਹਾਂ ਨੇ ਸਮੀਖਿਆ ਪਟੀਸ਼ਨਾਂ ਨੂੰ ਦੇਖਿਆ ਹੈ, ਉਨ੍ਹਾਂ 'ਤੇ ਵਿਚਾਰ ਕੀਤਾ ਹੈ ਅਤੇ ਫੈਸਲੇ 'ਚ ਕੋਈ ਕਮਜ਼ੋਰੀ ਨਹੀਂ ਮਿਲੀ।



ਜਸਟਿਸ ਦਿਨੇਸ਼ ਮਹੇਸ਼ਵਰੀ, ਜਸਟਿਸ ਬੇਲਾ ਐਮ. ਤ੍ਰਿਵੇਦੀ ਅਤੇ ਜਸਟਿਸ ਜੇਬੀ ਪਾਰਦੀਵਾਲਾ ਨੇ 7 ਨਵੰਬਰ, 2022 ਨੂੰ ਫੈਸਲਾ ਸੁਣਾਉਣ ਵਾਲੇ ਪੰਜ ਮੈਂਬਰੀ ਬੈਂਚ ਵਿਚ ਆਰਥਿਕ ਆਧਾਰ 'ਤੇ ਰਾਖਵੇਂਕਰਨ ਨੂੰ ਬਰਕਰਾਰ ਰੱਖਿਆ, ਜਦੋਂ ਕਿ ਤਤਕਾਲੀ ਚੀਫ਼ ਜਸਟਿਸ ਯੂਯੂ ਲਲਿਤ ਅਤੇ ਜਸਟਿਸ ਐੱਸ. ਰਵਿੰਦਰ ਭੱਟ ਬਹੁਮਤ ਦੇ ਫੈਸਲੇ ਨਾਲ ਅਸਹਿ-ਮਤ ਸਨ। ਸੁਪਰੀਮ ਕੋਰਟ ਦਾ ਇਹ ਨਿਯਮ ਹੈ ਕਿ ਸਮੀਖਿਆ ਪਟੀਸ਼ਨ ਉਸੇ ਬੈਂਚ ਦੁਆਰਾ ਵਿਚਾਰੀ ਜਾਂਦੀ ਹੈ ਜਿਸ ਨੇ ਚੈਂਬਰ ਵਿਚ ਸਰਕੂਲੇਸ਼ਨ ਰਾਹੀਂ ਫੈਸਲਾ ਦਿਤਾ ਹੈ। ਪਰ ਇਸ ਮਾਮਲੇ ਵਿਚ ਜਸਟਿਸ ਲਲਿਤ ਸੇਵਾਮੁਕਤ ਹੋ ਚੁੱਕੇ ਹਨ, ਇਸ ਲਈ ਚੀਫ਼ ਜਸਟਿਸ ਡੀਵਾਈ ਚੰਦਰਚੂੜ ਸਮੀਖਿਆ ਪਟੀਸ਼ਨਾਂ 'ਤੇ ਜਸਟਿਸ ਲਲਿਤ ਦੀ ਥਾਂ 'ਤੇ ਬੈਂਚ ਵਿਚ ਸ਼ਾਮਲ ਹੋਏ। ਜਸਟਿਸ ਜੇਬੀ ਪਾਰਦੀਵਾਲਾ ਨੇ ਜਸਟਿਸ ਮਹੇਸ਼ਵਰੀ ਅਤੇ ਜਸਟਿਸ ਤ੍ਰਿਵੇਦੀ ਦੇ ਫੈਸਲੇ ਨਾਲ ਸਹਿਮਤੀ ਪ੍ਰਗਟਾਈ। ਜਸਟਿਸ ਪਾਰਦੀਵਾਲਾ ਨੇ ਕਿਹਾ ਸੀ ਕਿ ਸਵਾਰਥੀ ਹਿੱਤਾਂ ਲਈ ਰਾਖਵਾਂਕਰਨ ਸਦਾ ਲਈ ਜਾਰੀ ਨਹੀਂ ਰਹਿਣਾ ਚਾਹੀਦਾ। ਜਦੋਂ ਕਿ ਜਸਟਿਸ ਲਲਿਤ ਅਤੇ ਜਸਟਿਸ ਭੱਟ ਨੇ ਈਡਬਲਿਯੂਐਸ ਰਿਜ਼ਰਵੇਸ਼ਨ ਤੋਂ ਐਸਸੀ-ਐਸਟੀ ਅਤੇ ਓਬੀਸੀ ਨੂੰ ਵੱਖ ਕਰਨ ਨੂੰ ਪੱਖਪਾਤੀ ਮੰਨਿਆ। 7 ਨਵੰਬਰ, 2022 ਨੂੰ, ਜਸਟਿਸ ਮਹੇਸ਼ਵਰੀ ਨੇ ਈਡਬਲਿਯੂਐਸ ਰਾਖਵੇਂਕਰਨ ਨੂੰ ਸੰਵਿਧਾਨਕ ਘੋਸ਼ਿਤ ਕਰਦੇ ਹੋਏ ਈਡਬਲਿਯੂਐਸ ਰਾਖਵੇਂਕਰਨ ਨੂੰ ਚੁਣੌਤੀ ਦੇਣ ਵਾਲੀਆਂ ਸਾਰੀਆਂ ਪਟੀਸ਼ਨਾਂ ਨੂੰ ਖਾਰਜ ਕਰ ਦਿਤਾ ਸੀ। ਉਨ੍ਹਾਂ ਕਿਹਾ ਸੀ ਕਿ ਆਰਥਿਕ ਆਧਾਰ 'ਤੇ ਰਾਖਵਾਂਕਰਨ ਦੇਣਾ ਅਤੇ ਐਸਸੀ-ਐਸਟੀ ਅਤੇ ਓਬੀਸੀ ਨੂੰ ਉਸ ਰਾਖਵੇਂਕਰਨ ਤੋਂ ਬਾਹਰ ਰੱਖਣਾ ਸੰਵਿਧਾਨ ਦੇ ਮੂਲ ਢਾਂਚੇ ਦੀ ਉਲੰਘਣਾ ਨਹੀਂ ਕਰਦਾ। ਇਸ ਨਾਲ ਸੰਵਿਧਾਨ ਦੇ ਮੂਲ ਢਾਂਚੇ ਨੂੰ ਕੋਈ ਨੁਕਸਾਨ ਨਹੀਂ ਹੁੰਦਾ। ਜਸਟਿਸ ਮਹੇਸ਼ਵਰੀ ਨੇ ਇਹ ਵੀ ਕਿਹਾ ਸੀ ਕਿ 50 ਫੀਸਦੀ ਰਾਖਵੇਂਕਰਨ ਦੀ ਸੀਮਾ ਦੀ ਉਲੰਘਣਾ ਦੇ ਆਧਾਰ 'ਤੇ ਵੀ ਇਸ ਰਾਖਵੇਂਕਰਨ ਨੂੰ ਸੰਵਿਧਾਨ ਦੇ ਮੂਲ ਢਾਂਚੇ ਦੇ ਵਿਰੁੱਧ ਨਹੀਂ ਕਿਹਾ ਜਾ ਸਕਦਾ ਕਿਉਂਕਿ 50 ਫੀਸਦੀ ਦੀ ਸੀਮਾ ਲਚਕਦਾਰ ਨਹੀਂ ਹੈ। ਜਸਟਿਸ ਬੇਲਾ ਐਮ ਤ੍ਰਿਵੇਦੀ ਨੇ ਜਸਟਿਸ ਮਹੇਸ਼ਵਰੀ ਦੇ ਫੈਸਲੇ ਨਾਲ ਸਹਿਮਤੀ ਜਤਾਉਂਦਿਆਂ ਕਿਹਾ ਕਿ ਵਿਧਾਨ ਸਭਾ ਲੋਕਾਂ ਦੀਆਂ ਲੋੜਾਂ ਨੂੰ ਸਮਝਦੀ ਹੈ। ਉਹ ਲੋਕਾਂ ਦੀ ਆਰਥਿਕ ਬੇਦਖਲੀ ਤੋਂ ਜਾਣੂ ਹੈ। ਇਸ ਸੰਵਿਧਾਨਕ ਸੋਧ ਰਾਹੀਂ, ਰਾਜ ਸਰਕਾਰਾਂ ਨੂੰ ਐਸਸੀ-ਐਸਟੀ ਅਤੇ ਓਬੀਸੀ ਤੋਂ ਇਲਾਵਾ ਹੋਰਾਂ ਲਈ ਵਿਸ਼ੇਸ਼ ਵਿਵਸਥਾਵਾਂ ਬਣਾ ਕੇ ਹਾਂ-ਪੱਖੀ ਕਾਰਵਾਈ ਕਰਨ ਦਾ ਅਧਿਕਾਰ ਦਿਤਾ ਗਿਆ ਹੈ। ਸੰਵਿਧਾਨਕ ਸੋਧ ਵਿਚ ਈਡਬਲਿਯੂਐਸ ਦਾ ਇੱਕ ਵੱਖਰੀ ਸ਼੍ਰੇਣੀ ਵਜੋਂ ਵਰਗੀਕਰਨ ਇੱਕ ਉਚਿਤ ਵਰਗੀਕਰਨ ਹੈ। ਇਸ ਨੂੰ ਬਰਾਬਰੀ ਦੇ ਸਿਧਾਂਤ ਦੀ ਉਲੰਘਣਾ ਨਹੀਂ ਕਿਹਾ ਜਾ ਸਕਦਾ। ਫੈਸਲੇ ਵਿਚ ਜਨਹਿੱਤ ਦੇ ਮੱਦੇਨਜ਼ਰ ਉਨ੍ਹਾਂ ਨੇ ਰਾਖਵੇਂਕਰਨ ਦੀ ਧਾਰਨਾ 'ਤੇ ਮੁੜ ਵਿਚਾਰ ਕਰਨ ਦਾ ਸੁਝਾਅ ਦਿਤਾ ਸੀ।




ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਂਕ ਜਲੰਧਰ ਮੋ:- 99155-94111

ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਇਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ, ਪੁਸ਼ਟੀ ਕਰ ਲੈਣ। -ਸੰਪਾਦਕ

daily lok bani (punjabi) R.N.I. Punpun29016,2018 Editor,Owner,printer,Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, jalandhar (India), contect NO: 0181-2211009, fax : 2211009, Email Id: lokbani08@gmail.com